ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP
CAR RENTALS & TAXI SERVICE
24 HOURS



Sidhu Homeopathic Clinic
Dr. Malkit Singh Sidhu, D.H.M.S. (Hons.)
Dr. Kirandeep Kaur Sidhu, D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



# ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C: Greater Vancouver, Fraser Valley, Victoria,Nanaimo, Prince George, Kamloops, Kelowna, Oliver, Squamish
ALBERTA: Edmonton, Calgary
ONTARIO: Otttawa, Brampton, Toronto
QUEBEC: Montreal
USA: Greater Seattle, Everett, Marysville, Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 33, Issue No. 02 Ending Date: Jan 9, 2026



ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARANG
604-613-9100



The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ
ਕੰਸਟਰਕਸ਼ਨ ਮੌਰਟਗੇਜ
ਕਮਰਸ਼ੀਅਲ ਲੋਨ
ਪ੍ਰਾਈਵੇਟ ਲੋਨ
- Purchases with 5% Down Payment
- Refinance & Renewals at Best Rates
- Self-employment - Special Programs
- Second Mortgage & Equity Loans (No Income Verification)
- Private financing - Easy Approvals
- Low Income & Bad Credit Financing

Satnam Saroya
Mortgage Specialist
604.760.9172
# 384-8148 128 St, Surrey
(Payal Buss. Centre)


# ਆਰ.ਐਸ.ਐਸ ਨੇ ਭਾਰਤ ਨੂੰ ਐਲਾਨਿਆ ਹਿੰਦੂ-ਰਾਸ਼ਟਰ

ਨਵੀਂ ਦਿੱਲੀ:21 ਦਸੰਬਰ ਨੂੰ, ਕੋਲਕਾਤਾ ਵਿੱਚ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਦੇ ਸ਼ਤਾਬਦੀ ਸਮਾਰੋਹ ਵਿੱਚ, ਆਰਐਸਐਸ ਮੁਖੀ ਮੋਹਨ ਭਾਗਵਤ ਨੇ ਇੱਕ ਬਿਆਨ ਦਿੱਤਾ ਜੋ ਭਾਰਤੀ ਰਾਜ ਦੀਆਂ ਨੀਤੀਆਂ ਨੂੰ ਸੇਧ ਦੇਣ ਵਾਲੇ ਵਿਚਾਰਧਾਰਕ ਪ੍ਰੋਜੈਕਟ ਦੀ ਰੂਪਰੇਖਾ ਸਪਸ਼ਟ ਤੌਰ 'ਤੇ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਪਹਿਲਾਂ ਹੀ ਇੱਕ "ਹਿੰਦੂ ਰਾਸ਼ਟਰ" ਹੈ।ਉਨ੍ਹਾਂ ਕਿਹਾ, "ਸੂਰਜ ਪੂਰਬ ਵਿੱਚ ਚੜ੍ਹਦਾ ਹੈ; ਸਾਨੂੰ ਨਹੀਂ ਪਤਾ ਕਿ ਇਹ ਕਿੰਨੇ ਸਮੇਂ ਤੋਂ ਹੋ ਰਿਹਾ ਹੈ। ਤਾਂ ਕੀ ਇਸ ਲਈ ਵੀ ਸੰਵਿਧਾਨਕ ਪ੍ਰਵਾਨਗੀ ਦੀ ਲੋੜ ਹੈ? ਹਿੰਦੁਸਤਾਨ ਇੱਕ ਹਿੰਦੂ ਰਾਸ਼ਟਰ ਹੈ,ਇਹ ਸੰਘ ਦੀ ਵਿਚਾਰਧਾਰਾ ਹੈ।ਉਸਨੇ ਭਾਰਤ ਦੇ ਬੁਨਿਆਦੀ ਧਰਮ ਨਿਰਪੱਖ ਢਾਂਚੇ ਬਾਰੇ ਆਪਣੇ ਸੰਗਠਨ ਦੇ ਸੱਚੇ ਵਿਚਾਰਾਂ ਨੂੰ ਸਪੱਸ਼ਟ ਕੀਤਾ।ਭਾਗਵਤ ਦੇ ਅਨੁਸਾਰ, ਸੰਵਿਧਾਨ ਵਿੱਚ ਰਸਮੀ ਮਾਨਤਾ ਦਾ ਆਰਐਸਐਸ ਲਈ ਕੋਈ ਅਰਥ ਨਹੀਂ ਹੈ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਰਐਸਐਸ ਨੂੰ "ਦੁਨੀਆ ਦਾ ਸਭ ਤੋਂ ਵੱਡਾ ਐਨਜੀਓ" ਕਹਿੰਦੇ ਹਨ, ਫਿਰ ਵੀ ਇਹ ਸੰਗਠਨ ਰਜਿਸਟਰਡ ਨਹੀਂ ਹੈ ਅਤੇ ਆਜ਼ਾਦੀ ਤੋਂ ਬਾਅਦ ਘੱਟੋ-ਘੱਟ ਤਿੰਨ ਵਾਰ ਇਸ 'ਤੇ ਪਾਬੰਦੀ ਲਗਾਈ ਗਈ ਹੈ।ਭਾਗਵਤ ਨੇ ਕਿਹਾ, "ਜੇਕਰ ਸੰਸਦ ਕਦੇ ਵੀ ਸੰਵਿਧਾਨ ਵਿੱਚ ਸੋਧ ਕਰਨ ਅਤੇ ਉਸ ਸ਼ਬਦ ਨੂੰ ਜੋੜਨ ਦਾ ਫੈਸਲਾ ਕਰਦੀ ਹੈ, ਜਾਂ ਭਾਵੇਂ ਇਹ ਨਹੀਂ ਵੀ ਕਰਦੀ, ਤਾਂ ਸਾਡੇ ਲਈ ਕੋਈ ਫ਼ਰਕ ਨਹੀਂ ਪੈਂਦਾ। ਸਾਨੂੰ ਉਸ ਸ਼ਬਦ ਦੀ ਕੋਈ ਪਰਵਾਹ ਨਹੀਂ ਹੈ, ਕਿਉਂਕਿ ਅਸੀਂ ਹਿੰਦੂ ਹਾਂ ਅਤੇ ਸਾਡਾ ਰਾਸ਼ਟਰ ਇੱਕ ਹਿੰਦੂ ਰਾਸ਼ਟਰ ਹੈ।ਇਹੀ ਸੱਚਾਈ ਹੈ।



## ਭਾਜਪਾ ਆਗੂ ਨੇ ਕੀਤਾ ਬਲਾਤਕਾਰ:ਦਿੱਤੀ ਧਮਕੀ
## ਜਿੱਥੇ ਮਰਜ਼ੀ ਸ਼ਿਕਾਇਤ ਕਰੋ, ਮੇਰੇ ਨਾਲ ਕੁਝ ਨਹੀਂ ਹੋਵੇਗਾ




ਨਵੀਂ ਦਿੱਲੀ: ਮੱਧ ਪ੍ਰਦੇਸ਼ ਦੇ ਸਤਨਾ ਜ਼ਿਲ੍ਹੇ ਵਿੱਚ ਪੁਲਿਸ ਨੇ ਇੱਕ ਔਰਤ ਵੱਲੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਕੌਂਸਲਰ ਦੇ ਪਤੀ ਅਸ਼ੋਕ ਸਿੰਘ 'ਤੇ ਬਲਾਤਕਾਰ ਦਾ ਦੋਸ਼ ਲਗਾਉਣ ਤੋਂ ਬਾਅਦ ਜਾਂਚ ਸ਼ੁਰੂ ਕਰ ਦਿੱਤੀ ਹੈ।ਇੰਡੀਅਨ ਐਕਸਪ੍ਰੈਸ ਵਿੱਚ ਛਪੀ ਇੱਕ ਰਿਪੋਰਟ ਦੇ ਅਨੁਸਾਰ, ਔਰਤ ਨੇ ਦੋਸ਼ ਲਗਾਇਆ ਹੈ ਕਿ ਕੌਂਸਲਰ ਦੇ ਪਤੀ ਨੇ ਘਟਨਾ ਦੀ ਵੀਡੀਓ ਬਣਾਈ ਅਤੇ ਉਸਨੂੰ ਛੇ ਮਹੀਨਿਆਂ ਤੱਕ ਚੁੱਪ ਰਹਿਣ ਲਈ ਬਲੈਕਮੇਲ ਕੀਤਾ।ਇਸ ਮਾਮਲੇ ਵਿੱਚ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਹੈ, ਜਿਸ ਵਿੱਚ ਦੋਸ਼ੀ ਨੂੰ ਕਥਿਤ ਤੌਰ 'ਤੇ ਔਰਤ ਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ, "ਮੇਰੇ ਨਾਲ ਕੁਝ ਨਹੀਂ ਹੋਵੇਗਾ। ਜਿੱਥੇ ਮਰਜ਼ੀ ਸ਼ਿਕਾਇਤ ਕਰੋ, ਕੁਝ ਨਹੀਂ ਹੋਵੇਗਾ।"ਇੱਕ ਲਿਖਤੀ ਸ਼ਿਕਾਇਤ ਦੇ ਅਨੁਸਾਰ, ਔਰਤ ਨੇ ਦੋਸ਼ ਲਗਾਇਆ ਹੈ ਕਿ ਸਿੰਘ ਲਗਭਗ ਛੇ ਮਹੀਨੇ ਪਹਿਲਾਂ ਉਸਦੇ ਘਰ ਵਿੱਚ ਦਾਖਲ ਹੋਈ ਸੀ ਅਤੇ ਚਾਕੂ ਦੀ ਨੋਕ 'ਤੇ ਉਸ ਨਾਲ ਬਲਾਤਕਾਰ ਕੀਤਾ ਸੀ।ਔਰਤ ਨੇ ਦਾਅਵਾ ਕੀਤਾ ਕਿ ਸਿੰਘ ਨੇ 20 ਦਸੰਬਰ ਨੂੰ ਦੁਬਾਰਾ ਉਸ ਨਾਲ ਸੰਪਰਕ ਕੀਤਾ, ਉਸਦਾ ਜਿਨਸੀ ਸ਼ੋਸ਼ਣ ਕੀਤਾ ਅਤੇ ਵੀਡੀਓ ਜਨਤਕ ਕਰਨ ਦੀ ਧਮਕੀ ਦਿੱਤੀ।ਉਹ ਕਹਿੰਦੀ ਹੈ ਕਿ ਫਿਰ ਉਸਨੇ ਵਾਰ-ਵਾਰ ਉਸਨੂੰ ਵੀਡੀਓ ਨਾਲ ਧਮਕੀ ਦਿੱਤੀ ਅਤੇ ਉਸਨੂੰ ਸੈਕਸ ਕਰਨ ਲਈ ਮਜਬੂਰ ਕੀਤਾ।ਉਸਨੇ ਕਿਹਾ ਕਿ ਉਹ ਡਰ ਦੇ ਮਾਰੇ ਲੰਬੇ ਸਮੇਂ ਤੱਕ ਚੁੱਪ ਰਹੀ।ਔਰਤ ਨੇ ਦਾਅਵਾ ਕੀਤਾ ਕਿ ਉਸਨੇ ਪੰਜ ਦਿਨ ਪਹਿਲਾਂ ਪੁਲਿਸ ਨਾਲ ਸੰਪਰਕ ਕੀਤਾ ਸੀ, ਪਰ ਕੋਈ ਠੋਸ ਨਤੀਜੇ ਨਹੀਂ ਮਿਲੇ।


ਸੁਪਰ ਵੀਜ਼ਾ
ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
"ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।"
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇਂ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
PII Insurance
ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ



TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ,
ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
AIR CANADA
ਸੰਤੋਖ ਸਿੰਘ ਸਿੱਧੂ
604-852-2204

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਪੰਜਾਬ ਗਾਰਡੀਅਨ
Call to Advertise
604-590-5200



ਗੁਰੂ ਨਾਨਕ ਜਿਊਲਰਜ਼ ਲਿਮ.
24k & 22k
Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਨਵੇਂ ਅਤੇ ਪੁਰਾਣੇ ਟਰੱਕ ਅਤੇ ਟਰੇਲਰ, ਬੱਸਾਂ ਖਰੀਦਣ ਲਈ ਇਕ ਸਟਾਪ ਮੰਜ਼ਿਲ
ਵਧੇਰੇ ਜਾਣਕਾਰੀ ਲਈ ਫੋਨ ਕਰੋ:672-727-9560

(ਇਸ਼ਤਿਹਾਰ ਸਫਾ ਬੀ-7 ਤੇ ਦੇਖੋ)


Pacific Home Warranty
J&J FRESH LOOK HOMES LTD..
ਫਰੇਮਿੰਗ ਦੇ ਕਈ ਸਾਲਾਂ ਦੇ ਤਰਜਬੇ ਤੋਂ ਬਾਦ
ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management
*Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS
• TOURS , CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com



Universal Auto Collision Ltd.
We Moved To New Location
27441-FRASER HWY. ALDERGROVE, BC
ਆਈ. ਸੀ. ਬੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਐਸਟੀਮੇਟ
ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ
• ICBC Claims • Private Claims • Free Courtesy Cars
• Auto Glass Replacement • Free Estimates Fax: 604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ 778-552-0305

# FARM AND SPICE

## Weekly Special

*Special Sampling in Certain Stores*

## Jan 02 - 08


ਅਦਰਕ
Ginger
Per lb
$1.49


ਅਨਾਰ
Pomegranate
each
$1.99


ਨਿੰਬੂ
Limes
4 for
$0.99


ਕੀਵੀ
Kiwi
1 lb 5 Pcs
$2.99


ਰੁਸੇਟ ਆਲੂ
Russet Potato
10 Lbs
$3.99


ਲੌਕੀ
Opo Long
Per lb
$1.49


ਸੰਤਰੇ
Large Orange
Per lb
$0.99


ਫੁਲ ਗੋਬੀ
Cauliflower
each
$1.99


ਅੰਬੇ ਬੇਸਨ / ਮਕੀ ਆਟਾ
Ambay Besan / Makki Da Atta
4 Lbs
$4.99


ਕੈਨਟੀਨ ਬਾਸਮਤੀ
Canteen Indian Basmati Rice
10 Lbs
$9.99


ਅੰਬੇ ਲੋਹੜੀ ਗਿਫਟ ਬੋਕਸ
Ambay Lohri Gift Box
800 gms
$8.99


ਹਰੀ ਇਲਾਇਚੀ
Green Cardamom Bulk
Per lb
$32.99


ਬਾਜ਼ ਆਟਾ
Baaz Atta
20 Lbs
$10.99


ਅੰਬੇ ਸੂਜੀ / ਦੁਦ / ਗੁੜ ਰਸ
Ambay Suji / Milk / Gur Rusk
350 gms
$1.99


ਸਵੇਰਾ ਪਨੀਰ
Savera Paneer
341 gms
$3.99


ਮੈਮਪਸਟਰ ਗੋਲਗਪਾ
Mampster Golgappa
290 gms
$8.99

*while supply last

Open 7 Days a Week
8:30 am to 10:00 pm

farmandspice.com

#9546-9548 Scott Town Plaza
96 Ave Scott Road Surrey

# 09-10 12830 96 Ave.
Surrey BC | Tel: 604 930 7742

# 103-104 14320 64 Ave.
Surrey BC | Tel: 604 593 6323

# ਗੁਰਦੁਆਰਾ ਸਾਹਿਬ ਬਰੁੱਕਸਾਈਡ

8365-140 St Surrey BC Ph: 604-502-0602 www.ramgarhiabc.ca

## ਗੁਰਦੁਆਰਾ ਸਾਹਿਬ ਬਰੁੱਕਸਾਈਡ ਅਤੇ ਇਸ ਦੀ ਸਰਪ੍ਰਸਤ ਕਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੀ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਨਵੇਂ ਸਾਲ ਦੀ ਲੱਖ-ਲੱਖ ਵਧਾਈ ਹੋਵੇ ਜੀ।




ਨਵੇਂ ਸਾਲ ਦੀ ਆਮਦ ਤੇ 31 ਦਸੰਬਰ ਦਿਨ ਬੁੱਧਵਾਰ ਨੂੰ ਸ਼ਾਮ 4 ਵਜੇ ਤੋਂ ਲੈ ਕੇ ਸਵੇਰ ਦੇ 12:15 ਵਜੇ ਤੱਕ ਦੀਵਾਨ ਸਜਣਗੇ ਅਤੇ 1 ਜਨਵਰੀ 2026 ਦਿਨ ਵੀਰਵਾਰ ਨੂੰ ਨਵੇਂ ਸਾਲ ਦੀ ਖੁਸ਼ੀ ਵਿੱਚ ਸਾਰਾ ਦਿਨ ਦੀਵਾਨ ਸਜਣਗੇ। ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਹੁੰਮ ਹੁਮਾ ਕੇ ਪਹੁੰਚੋ ਜੀ।

**4 ਜਨਵਰੀ ਦਿਨ ਐਤਵਾਰ ਸਵੇਰੇ 10:30 ਵਜੇ ਕਵੀ ਦਰਬਾਰ ਹੋਵੇਗਾ**

## ਸਮੂੰਹ ਗੁਰਦੁਆਰਾ ਪ੍ਰਬੰਧਕ ਕਮੇਟੀ ਫੋਨ ਨੰਬਰ 604-502-0602

www.deltondentures.com

## DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

"We accept CANADIAN DENTAL CARE PLAN for Dentures"

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

WE ARE DENTURISTS

CONSUMER CHOICE AWARD 2018 VANCOUVER
Business Category Denturist

ਅਸੀਂ ਜੁਬਾੜੇ ਬਣਾਉਂਦੇ ਹਾਂ

*Get a Beautiful Smile*





**Chris Kozakiewicz**
**BSc., R.D.**

Mon-Fri: 9am-5pm, Saturdays By Appointment

**Scott 72 Shopping Centre**
#209- 7313-120th St., Delta ( Above London Drugs & Staples )

**604.590.1111**

*In loving remembrance of our brother, father, grandfather, and great-grandfather*

# *Pavitar Singh Sumbal*



Your presence is greatly welcomed and appreciated on
**Saturday, January 3, 2026**

| FUNERAL | BHOG |
| --- | --- |
| *Riverside Funeral Home*<br>*7410 Hopcott Rd, Delta B.C.* | *Gurdwara Sahib Sukh Sagar*<br>*347 Wood St, New Westminster* |
| *3:00 pm* | *5:00 pm* |

**Please join us for Rehras and Kirtan daily from 5:30-7:00 pm at 12353 81A Ave, Surrey**

With love, Sumbal and Pattar families
Daljinder S. 604 836 5185 Harminder S. 604 377 2854

# PUNJAB FOOD

## ਹਰਿੰਦਰ ਸਿੰਘ ਤੂਰ ਅਤੇ ਪਰਿਵਾਰ ਵੱਲੋਂ
## ਸਾਰਿਆਂ ਗਾਹਕਾਂ, ਦੋਸਤਾਂ, ਰਿਸ਼ਤੇਦਾਰਾਂ ਨੂੰ
## ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ

# ਨਵਾਂ ਸਾਲ ਮੁਬਾਰਕ!!!







ਪੰਜਾਬ ਫੂਡ ਸਟੋਰ ਦੇ ਮਾਲਕ ਸ.ਹਰਿੰਦਰ ਸਿੰਘ ਤੂਰ ਅਤੇ ਸਟੋਰ।



ਹਰਿੰਦਰ ਸਿੰਘ ਤੂਰ

- ਹਰ ਪ੍ਰਕਾਰ ਦੀ ਭਾਰਤੀ ਅਤੇ ਕਨੇਡੀਅਨ ਗਰੋਸਰੀ ਬਹੁਤ ਹੀ ਵਾਜਿਬ ਕੀਮਤਾਂ ਤੇ ਖਰੀਦੋ।
- ਭਾਰੀ ਥੱਲੇ ਵਾਲੇ ਪਤੀਲਿਆਂ ਦੀ ਵੱਡੀ ਸ਼ਿਪਮੈਂਟ ਪਹੁੰਚ ਗਈ ਹੈ।
- ਹਰੀਆਂ ਤਾਜ਼ੀਆਂ ਸਬਜ਼ੀਆਂ ਅਤੇ ਫਲ ਹਫਤੇ ਦੇ 7 ਦਿਨ ਮਿਲਦੀਆਂ ਹਨ।
- ਵਿਆਹ-ਸ਼ਾਦੀ, ਅਖੰਡਪਾਠ ਲਈ ਵਾਜ਼ਬ ਕੀਮਤ ਤੇ ਗਰੋਸਰੀ ਖਰੀਦਣ ਲਈ ਸਾਨੂੰ ਹਮੇਸ਼ਾ ਚੇਤੇ ਰੱਖੋ।

# ਪੰਜਾਬ ਫੂਡ ਸੈਂਟਰ

ਵਧੀਆ ਕੁਆਲਿਟੀ ਅਤੇ ਘੱਟ ਕੀਮਤਾਂ ਲਈ ਸਾਡੇ ਸਟੋਰ ’ਤੇ ਜਰੂਰ ਆਓ

**6635-MAIN STREET, VANCOUVER, B.C. (Punjabi Market)**

**PH: (604) 322-5502**

# ਬਾਹਰਲੇ ਮੁਲਕਾਂ ਅਤੇ ਇੰਡੀਆ ਵਿੱਚ ਸਾਜਿਸ਼ੀ ਢੰਗ ਰਾਹੀ ਕਤਲ ਕੀਤੇ ਜਾ ਰਹੇ ਸਿੱਖਾਂ ਦੇ ਕਾਤਲਾਂ ਨੂੰ ਕੌਮਾਂਤਰੀ ਕਾਨੂੰਨਾਂ ਅਨੁਸਾਰ ਸਜ਼ਾ ਦਾ ਪ੍ਰਬੰਧ ਹੋਵੇ:ਮਾਨ

ਫ਼ਤਹਿਗੜ੍ਹ ਸਾਹਿਬ (ਮਨਪ੍ਰੀਤ ਸਿੰਘ ਖਾਲਸਾ):- ਸ਼ਹੀਦ ਬਾਬਾ ਜੋਰਾਵਰ ਸਿੰਘ, ਸ਼ਹੀਦ ਬਾਬਾ ਫਤਹਿ ਸਿੰਘ, ਸ਼ਹੀਦ ਮਾਤਾ ਗੁਜਰ ਕੌਰ ਅਤੇ ਸ਼ਹੀਦ ਬਾਬਾ ਮੋਤੀ ਸਿੰਘ ਮਹਿਰਾ, ਦੀਵਾਨ ਟੋਡਰਮੱਲ ਜੀ ਨੂੰ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਅੱਜ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋ ਕੀਤੇ ਗਏ ਵਿਸਾਲ ਇਕੱਠ ਵਿਚ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸੁਬੋਧਿਤ ਹੁੰਦੇ ਹੋਏ ਕਿਹਾ ਕਿ ਇਨ੍ਹਾਂ ਮਹਾਨ ਸ਼ਹੀਦਾਂ ਨੇ ਬਿਨ੍ਹਾਂ ਕਿਸੇ ਸਵਾਰਥ ਅਤੇ ਮਨੁੱਖਤਾ ਦੀ ਬਿਹਤਰੀ ਲਈ ਸੰਸਾਰ ਭਰ ਦੀਆਂ ਹੋਈਆ ਸ਼ਹਾਦਤਾਂ ਵਿਚੋ ਸਭ ਤੋਂ ਛੋਟੀ ਉਮਰ ਦੀਆਂ ਸ਼ਹਾਦਤਾਂ ਦੇ ਕੇ ਇਹ ਪ੍ਰਤੱਖ ਕਰ ਦਿੱਤਾ ਹੈ ਕਿ ਸਿੱਖ ਕੌਮ ਕਿਸੇ ਵੀ ਵੱਡੇ ਤੋ ਵੱਡੇ ਜਬਰ ਜੁਲਮ ਜਾਂ ਬੇਇਨਸਾਫ਼ੀ ਵਿਰੁੱਧ ਕਦੀ ਵੀ ਆਪਣੀ ਈਨ ਨਹੀ ਮੰਨਦੀ ਬਲਕਿ ਆਪਣੇ ਗੁਰੂ ਸਾਹਿਬਾਨ ਦੁਆਰਾ ਤਹਿ ਕੀਤੇ ਗਏ ਨਿਯਮਾਂ, ਸਿਧਾਤਾਂ ਉਤੇ ਪਹਿਰਾ ਦਿੰਦੇ ਹੋਏ ਸ਼ਹਾਦਤਾਂ ਪ੍ਰਾਪਤ ਕਰਨ ਨੂੰ ਫਖਰ ਸਮਝਦੀ ਹੈ।ਅੱਜ ਜਦੋ ਸਮਾਂ ਬੜਾ ਨਾਜੁਕ ਹੈ ਤਾਂ ਸਮੁੱਚੀ ਸਿੱਖ ਕੌਮ ਨੂੰ ਆਪਣੀਆ ਇਨ੍ਹਾਂ ਛੋਟੀਆ ਜਿੰਦਾ ਦੇ ਮਹਾਨ ਸਾਕੇ ਤੋ ਅਗਵਾਈ ਤੇ ਪ੍ਰੇਰਣਾ ਲੈਦੇ ਹੋਏ ਸਿੱਖ ਕੌਮ ਅਤੇ ਪੰਜਾਬੀਆਂ ਨਾਲ ਲੰਮੇ ਸਮੇ ਤੋ ਹੁਕਮਰਾਨਾਂ ਵੱਲੋ ਹਰ ਖੇਤਰ ਵਿਚ ਕੀਤੀਆ ਜਾ ਰਹੀਆ ਜਿਆਦਤੀਆ ਵਿਰੁੱਧ ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨ ਸੰਸਥਾਂ ਦੀ



ਅਗਵਾਈ ਹੇਠ ਇਕੱਤਰ ਹੋ ਕੇ ਦ੍ਰਿੜਤਾ ਨਾਲ ਜੂਝਦੇ ਹੋਏ ਆਪਣੀ ਕੌਮੀ ਮੰਜਿਲ ਖਾਲਿਸਤਾਨ ਵੱਲ ਵੱਧਣਾ ਚਾਹੀਦਾ ਹੈ ਜੋ ਸਾਡੇ ਸਿੱਖ ਨੌਜਵਾਨੀ ਦੇ ਹੁਕਮਰਾਨਾਂ ਨੇ ਕਤਲੇਆਮ ਕਰਵਾਇਆ ਹੈ, ਉਸਦੀਆ ਸਜਾਵਾਂ ਕੌਮਾਂਤਰੀ ਕਾਨੂੰਨਾਂ ਅਨੁਸਾਰ ਅਵੱਸ ਮਿਲਣ ਲਈ ਸਮੂਹਿਕ ਤੌਰ ਤੇ ਆਵਾਜ ਉਠਾਉਣੀ ਬਣਦੀ ਹੈ ਤਾਂ ਕਿ ਅਸੀ ਆਪਣੇ ਪੰਜਾਬ ਸੂਬੇ, ਪੰਜਾਬੀਆਂ ਤੇ ਸਿੱਖ ਕੌਮ ਨੂੰ ਦਰਪੇਸ ਆ ਰਹੇ ਮਸਲਿਆ ਦਾ ਹੱਲ ਇਕਤਾਕਤ ਹੋ ਕੇ ਕਰਵਾ ਸਕੀਏ । ਇਸ ਇਕੱਠ ਵਿਚ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਵਿਚਾਰ ਪ੍ਰਗਟਾਉਦੇ ਹੋਏ ਸਮੁੱਚੀ ਸਿੱਖ ਕੌਮ ਨੂੰ ਆਪਣੇ ਸ਼ਹੀਦਾਂ ਦੀ ਸੋਚ ਉਤੇ ਪਹਿਰਾ ਦੇਣ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ।

ਅੱਜ ਦੇ ਇਸ ਇਕੱਠ ਵਿਚ ਸਰਬਸੰਮਤੀ ਨਾਲ ਜੈਕਾਰਿਆ ਦੀ ਗੂੰਜ ਵਿਚ 12 ਮਤੇ ਪਾਸ ਕੀਤੇ ਗਏ ਜਿਸ ਵਿਚ ਪਹਿਲੇ ਮਤੇ ਵਿਚ ਸ਼ਹੀਦਾਂ ਤੋ ਅਗਵਾਈ ਲੈਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦ੍ਰਿੜਤਾ ਨਾਲ ਮੰਜਿਲ ਪ੍ਰਾਪਤੀ ਤੱਕ ਪਹਿਰਾ ਦਿੰਦਾ ਰਹੇਗਾ, ਸਿੱਖ ਨੌਜਵਾਨੀ ਦੇ ਕਾਤਲ ਹੁਕਮਰਾਨਾਂ ਨੂੰ ਹਰ ਕੀਮਤ ਤੇ ਕੌਮਾਂਤਰੀ ਕਾਨੂੰਨਾਂ ਅਨੁਸਾਰ ਸਜ਼ਾ ਮਿਲੇ, ਵਿਧਾਨਘਾੜਤਾ ਕਮੇਟੀ ਵਿਚ ਸਿੱਖ ਨੁਮਾਇੰਦਿਆ ਨੇ ਦਸਤਖਤ ਨਾ ਕਰਕੇ ਸਿੱਖ ਕੌਮ ਦੇ ਆਜਾਦ ਹੋਣ ਨੂੰ ਪ੍ਰਤੱਖ ਕਰ ਦਿੱਤਾ, 328 ਪਾਵਨ ਸਰੂਪਾਂ ਦੀ ਗੁੰਮਸੁਦਗੀ ਸੰਬੰਧੀ ਸ. ਬਲਦੇਵ ਸਿੰਘ ਵਡਾਲਾ ਵੱਲੋ ਕਾਨੂੰਨੀ ਅਮਲ ਅਤੇ ਸ. ਇਮਾਨ ਸਿੰਘ ਮਾਨ ਵੱਲੋ ਲੰਮੇ ਸਮੇ ਤੋ ਕੀਤੇ ਜਾ ਰਹੇ ਪੂਰਨ ਫਰਜਾਂ ਲਈ ਧੰਨਵਾਦ, ਪੰਜਾਬ ਯੂਨੀਵਰਸਿਟੀ ਅਤੇ ਚੰਡੀਗੜ੍ਹ ਪੰਜਾਬ ਸੂਬੇ ਦੀਆਂ ਮਲਕੀਅਤਾਂ, ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਹੇਠ ਇਕੱਤਰ ਹੋ ਕੇ ਕੌਮ ਨਿਸਾਨੇ ਵੱਲ ਵੱਧੇ, ਨਿਊਜੀਲੈਡ ਵਿਚ ਨਗਰ ਕੀਰਤਨ ਵਿਚ ਰੁਕਾਵਟ ਪਾਉਣ ਵਾਲੇ ਅਨਸਰਾਂ ਵਿਰੁੱਧ ਅਮਲ ਤੇ ਜਾਂਚ ਹੋਵੇ, ਪੰਜਾਬ ਦੀ ਸਥਿਤੀ ਨੂੰ ਬਿਹਤਰ ਕਰਨ ਲਈ ਪੰਜਾਬ ਨਾਲ ਲੱਗਦੀਆ ਸਰਹੱਦਾਂ ਅਤੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਵਪਾਰ ਤੇ ਯਾਤਰਾਵਾ ਲਈ ਖੋਲਿਆ ਜਾਵੇ, ਐਸ.ਜੀ.ਪੀ.ਸੀ ਦੀ ਤੁਰੰਤ ਜਰਨਲ ਚੋਣ ਕਰਵਾਉਣ ਦਾ ਐਲਾਨ ਕੀਤਾ ਜਾਵੇ, ਰੀਪੇਰੀਅਨ ਕਾਨੂੰਨ ਅਨੁਸਾਰ ਪੰਜਾਬ ਦੇ ਪਾਣੀਆ ਦਾ ਕੰਟਰੋਲ ਪੰਜਾਬ ਦੇ ਹਵਾਲੇ ਹੋਵੇ, ਜੀ ਰਾਮ ਜੀ ਕਾਨੂੰਨ ਰਾਹੀ ਮਜਦੂਰਾਂ ਨੂੰ 365 ਦਿਨ ਕੰਮ ਅਤੇ ਉਨ੍ਹਾਂ ਦੀ ਵੱਧ ਤੋ ਵੱਧ ਉਜਰਤ ਦਿੱਤਾ ਜਾਵੇ, ਪੰਜਾਬ ਅਤੇ ਸਿੱਖ ਕੌਮ ਦੇ ਸਭ ਮਸਲਿਆ ਦਾ ਇਕੋ ਇਕ ਹੱਲ ਕਾਮਰੇਡ ਚੀਨ, ਹਿੰਦੂ ਇੰਡੀਆ ਅਤੇ ਇਸਲਾਮਿਕ ਪਾਕਿਸਤਾਨ ਦੀ ਤ੍ਰਿਕੋਣ ਦੇ ਵਿਚਕਾਰ ਬਤੌਰ ਬਫਰ ਸਟੇਟ (ਖ਼ਾਲਿਸਤਾਨ) ਜਮਹੂਰੀਅਤ ਅਤੇ ਕੌਮਾਂਤਰੀ ਕਾਨੂੰਨਾਂ ਅਧੀਨ ਤੁਰੰਤ ਕਾਇਮ ਹੋਵੇ ਅਤੇ ਏਸੀਆ ਖਿੱਤੇ ਦੇ ਅਮਨ ਚੈਨ ਨੂੰ ਬਹਾਲ ਰੱਖਣ ਵਿਚ ਸਹਾਈ ਹੋਵੇਗਾ।

# ਵਰਲਡ ਜੂਨੀਅਰ ਹਾਕੀ ਚੈਂਪੀਅਨਸ਼ਿਪ ਵਿੱਚ ਕੈਨੇਡਾ ਦੀ ਸ਼ਾਨਦਾਰ ਜਿੱਤ

ਵੈਨਕੂਵਰ(ਮਲਕੀਤ ਸਿੰਘ)—ਮਰਦਾਂ ਦੀ ਵਰਲਡ ਜੂਨੀਅਰ ਹਾਕੀ ਚੈਂਪੀਅਨਸ਼ਿਪ ਵਿੱਚ ਕੈਨੇਡਾ ਦੀ ਟੀਮ ਨੇ ਲਾਟਵੀਆ ਦੀ ਟੀਮ ਨੂੰ ਹਰਾ ਕੇ ਸ਼ਾਨਦਾਰ ਜਿੱਤ ਦਰਜ ਕਰਦਿਆਂ ਮੈਚ 2-1 ਨਾਲ ਆਪਣੇ ਨਾਮ ਕੀਤਾ ਹੈਨਿਯਮਤ ਸਮੇਂ ਦੌਰਾਨ ਦੋਹਾਂ ਟੀਮਾਂ ਦਰਮਿਆਨ ਹੋਏ ਸਖਤ ਮੁਕਾਬਲੇ ਦੌਰਾਨ ਲਾਟਵੀਆ ਦੀ ਟੀਮ ਨੇ ਆਖ਼ਰੀ ਪਲਾਂ ਤੱਕ ਮਜ਼ਬੂਤ ਮੁਕਾਬਲਾ ਕੀਤਾ, ਪਰ ਓਵਰਟਾਈਮ ਵਿੱਚ ਪੈਨਲਟੀ ਦੇ ਮੌਕੇ ਦਾ ਫ਼ਾਇਦਾ ਉਠਾਉਂਦਿਆਂ ਕੈਨੇਡਾ ਦੀ ਟੀਮ ਨੇ ਮੈਚ ਖ਼ਤਮ ਕਰ ਦਿੱਤਾ।ਕੈਨੇਡਾ ਦੇ ਗੋਲਕੀਪਰ ਜੈਕ ਇਵਾਨਕੋਵਿਚ ਨੇ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਦਿਆ ਟੀਮ ਨੂੰ ਮੈਚ ਵਿੱਚ ਬਣਾਏ ਰੱਖਣ ਚ ਅਹਿਮ ਭੂਮਿਕਾ ਨਿਭਾਈ ਦੂਜੇ ਪਾਸੇਲਾਟਵੀਆ ਦੀ ਟੀਮ ਦੇ ਖਿਡਾਰੀਆਂ ਵੱਲੋਂ ਵੀ ਖੇਡ ਵਿੱਚ ਅਨੁਸ਼ਾਸਨ ਅਤੇ ਜਜ਼ਬੇ ਦੀ ਝਲਕ ਦਿਖਾਈ ਦਿੱਤੀ, ਪਰ ਓਵਰਟਾਈਮ ਵਿੱਚ ਹੋਈ ਗਲਤੀ ਉਨਾਂ ਲਈ ਮਹਿੰਗੀ ਸਾਬਤ ਹੋਈ।ਇਸ ਜਿੱਤ ਨਾਲ ਕੈਨੇਡਾ ਨੇ ਟੂਰਨਾਮੈਂਟ ਵਿੱਚ ਆਪਣੀ ਮੌਜੂਦਾ ਸਥਿਤੀ ਨੂੰ ਹੋਰ ਮਜ਼ਬੂਤ ਕਰ ਲਿਆ ਕੈਨੇਡਾ ਦੇ ਹਾਕੀ ਪ੍ਰੇਮੀਆਂ ਚ ਇਸ ਜਿੱਤ ਨੂੰ ਲੈ ਕੇ ਖੁਸ਼ੀ ਦਾ ਆਲਮ ਵੇਖਿਆ ਜਾ ਰਿਹਾ ਹੈ।













# ਭਾਰਤ ਵਿੱਚ ਵੱਧ ਰਿਹਾ ਨਸਲਵਾਦ:ਦੇਹਰਾਦੂਨ ਵਿੱਚ ਤ੍ਰਿਪੁਰਾ ਦੇ ਵਿਦਿਆਰਥੀ ਦਾ ਕਤਲ




ਦੇਹਰਾਦੂਨ (ਆਸਿਫ਼ ਅਲੀ) ਦੇਹਰਾਦੂਨ ਵਿੱਚ ਪੜ੍ਹਾਈ ਕਰ ਰਹੇ ਤ੍ਰਿਪੁਰਾ ਦੇ 24 ਸਾਲਾ ਵਿਦਿਆਰਥੀ ਦੇ ਕਤਲ ਮਾਮਲੇ ਨੇ ਇੱਕ ਵਾਰ ਫਿਰ ਉੱਤਰ ਭਾਰਤ ਵਿੱਚ ਉੱਤਰ-ਪੂਰਬ ਦੇ ਵਿਦਿਆਰਥੀਆਂ ਨਾਲ ਹੋ ਰਹੇ ਵਿਤਕਰੇ ਦੀ ਚਰਚਾ ਨੂੰ ਜਨਮ ਦਿੱਤਾ ਹੈ।

ਅਸਲ ਵਿੱਚ, 9 ਦਸੰਬਰ ਨੂੰ ਦੇਹਰਾਦੂਨ ਦੇ ਸੇਲਾਕੁਈ ਥਾਣਾ ਖੇਤਰ ਦੇ ਬਾਜ਼ਾਰ ਵਿੱਚ ਇੱਕ ਨਿੱਜੀ ਯੂਨੀਵਰਸਿਟੀ ਤੋਂ ਐੱਮਬੀਏ ਫਾਈਨਲ ਕਰ ਰਹੇ ਵਿਦਿਆਰਥੀ ਏਂਜਲ ਚਕਮਾ 'ਤੇ ਹੱਥ ਦੇ ਕੜੇ ਅਤੇ ਚਾਕੂ ਨਾਲ ਹਮਲਾ ਕੀਤਾ ਗਿਆ ਸੀ। ਤ੍ਰਿਪੁਰਾ ਦੇ ਅਗਰਤਲਾ ਸਥਿਤ ਨੰਦਨਗਰ ਦੇ ਰਹਿਣ ਵਾਲੇ ਏਂਜੇਲ ਇਸ ਹਮਲੇ ਵਿੱਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਉਹ 16 ਦਿਨ ਤੱਕ ਹਸਪਤਾਲ ਵਿੱਚ ਜ਼ਿੰਦਗੀ ਦੀ ਜੰਗ ਲੜਦੇ ਰਹੇ, ਪਰ ਆਖ਼ਰਕਾਰ ਉਨ੍ਹਾਂ ਦੀ ਮੌਤ ਹੋ ਗਈ। ਇਸ ਘਟਨਾ ਵੇਲੇ ਉਨ੍ਹਾਂ ਦਾ ਛੋਟਾ ਭਰਾ ਮਾਈਕਲ ਵੀ ਮੌਜੂਦ ਸੀ।



ਮ੍ਰਿਤਕ ਵਿਦਿਆਰਥੀ ਏਂਜੇਲ ਚਕਮਾ ਦਾ ਛੋਟਾ ਭਰਾ ਮਾਈਕਲ ਚਕਮਾ 21 ਸਾਲ ਦੇ ਹਨ। ਉਹ ਦੇਹਰਾਦੂਨ ਦੀ ਉੱਤਰਾਂਚਲ ਯੂਨੀਵਰਸਿਟੀ ਵਿੱਚ ਬੀਏ ਪਹਿਲੇ ਸਾਲ ਦਾ ਵਿਦਿਆਰਥੀ ਹੈ।9 ਦਸੰਬਰ ਦੀ ਘਟਨਾ ਨੂੰ ਯਾਦ ਕਰਦੇ ਹੋਏ ਮਾਈਕਲ ਨੇ ਨੂੰ ਦੱਸਿਆ ਕਿ ਉਸ ਸ਼ਾਮ ਕਰੀਬ ਸਾਢੇ ਛੇ ਵਜੇ ਉਹ ਆਪਣੇ ਵੱਡੇ ਭਰਾ ਏਂਜੇਲ ਅਤੇ ਉਸਦੇ ਦੋ ਦੋਸਤਾਂ ਨਾਲ ਸੇਲਾਕੁਈ ਦੇ ਬਾਜ਼ਾਰ ਗਏ ਸਨ।

ਮਾਈਕਲ ਮੁਤਾਬਕ, ਬਾਜ਼ਾਰ ਵਿੱਚ ਇੱਕ ਥਾਂ ਖੜ੍ਹੀ ਮੋਟਰਸਾਈਕਲ ਕੱਢਣ ਵੇਲੇ ਏਂਜੇਲ ਅੱਗੇ ਸੀ ਜਦਕਿ ਉਹ ਫ਼ੋਨ 'ਤੇ ਗੱਲ ਕਰ ਰਹੇ ਸੀ। ਇਸੇ ਦੌਰਾਨ ਸਾਹਮਣੇ ਖੜ੍ਹੇ ਕੁਝ ਨੌਜਵਾਨਾਂ ਦੇ ਗਰੁੱਪ ਨੇ ਉਨ੍ਹਾਂ 'ਤੇ ਟਿੱਪਣੀਆਂ ਕਰਨੀ ਸ਼ੁਰੂ ਕਰ ਦਿੱਤੀਆਂ।ਮਾਈਕਲ ਨੇ ਦੱਸਿਆ, "ਉਹ ਉਨ੍ਹਾਂ ਨੂੰ 'ਚਿਕਨਾ', 'ਚਿੰਕੀ', 'ਚਾਈਨੀਜ਼' ਕਹਿਣ ਦੇ ਨਾਲ-ਨਾਲ ਜਾਤੀਸੂਚਕ ਸ਼ਬਦ ਵੀ ਵਰਤ ਰਹੇ ਸਨ। ਸ਼ੁਰੂ ਵਿੱਚ ਅਸੀਂ ਇਹ ਗੱਲਾਂ ਨਜ਼ਰਅੰਦਾਜ਼ ਕੀਤੀਆਂ, ਪਰ ਜਦੋਂ ਅਸੀਂ ਮੋਟਰਸਾਈਕਲ 'ਤੇ ਬੈਠੇ ਤਾਂ ਨੌਜਵਾਨ ਸਾਡੇ ਬਿਲਕੁਲ ਸਾਹਮਣੇ ਆ ਕੇ ਗਾਲ੍ਹਾਂ ਕੱਢਣ ਲੱਗ ਪਏ।"

ਮਾਈਕਲ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਨੇ ਇਤਰਾਜ਼ ਜਤਾਉਂਦੇ ਹੋਏ ਗਾਲ੍ਹਾਂ ਦੇਣ ਦਾ ਕਾਰਨ ਪੁੱਛਿਆ ਤਾਂ ਇੰਨਾ ਕਹਿੰਦੇ ਹੀ ਨੌਜਵਾਨਾਂ ਨੇ ਹਮਲਾ ☞


FIXMAN
GLASS REPAIR LTD
Auto
Residential
Commercial
"We Are The Clear Choice"
GLASS EXPRESS
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000

Mandeep Dhaliwal
www.fixmanglass.com Email:fixmanglass@gmail.com



SAVVY
Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases

Harpreet K Grewal:604-832-9581
Email:info@savvyimmigrations.com www.savvyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday



CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜ਼ਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)



Punjab TRAVELS

Special offer!
ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

ਜੀਵਨ ਸਿੰਘ ਮੋਗਾ
▸▸ ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
▸▸ ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
▸▸ ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5



SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

# ਰਾਗੀ ਸਿੰਘ ਵੱਲੋਂ ਵਿਤਕਰੇ ਕਾਰਨ ਭਾਰਤ ਵਾਪਸ ਜਾਣ ਦਾ ਫ਼ੈਸਲਾ

ਕੈਨੇਡਾ ਦੇ ਇੱਕ ਗੁਰਦੁਆਰੇ ਤੋਂ ਇੱਕ ਪਾਠੀ ਸਿੰਘ ਦੀ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਵਿੱਚ ਉਹ ਕੀਰਤਨ ਦੌਰਾਨ ਸੰਗਤ ਦੇ ਸਨਮੁੱਖ ਆਪਣਾ ਦੁੱਖ ਬਿਆਨ ਕਰਦੇ ਹੋਏ ਪ੍ਰਬੰਧਕਾਂ 'ਤੇ ਗੰਭੀਰ ਦੋਸ਼ ਲਗਾ ਰਹੇ ਹਨ। ਸਿੰਘ ਨੇ ਕਿਹਾ, "ਸਾਡੇ ਤੋਂ ਬੋਲਣ ਦੀ ਆਜ਼ਾਦੀ ਖੋਹ ਲਈ ਗਈ ਹੈ।

ਸਾਨੂੰ ਦੱਸਿਆ ਜਾਂਦਾ ਹੈ ਕਿ ਕੀ ਕਹਿਣਾ ਹੈ, ਕਿਸ ਲਈ ਅਰਦਾਸ ਕਰਨੀ ਹੈ ਅਤੇ ਕਿਸ ਨੂੰ ਸਿਰੋਪਾ ਦੇਣਾ ਹੈ। ਕੀ ਇਹ ਲੋਕ ਹੁਣ ਸਾਨੂੰ ਸਾਡਾ ਕੰਮ ਸਿਖਾਉਣਗੇ?" ਉਨ੍ਹਾਂ ਕਿਹਾ ਕਿ ਉਹ ਹੁਣ ਭਾਰਤ ਵਾਪਸ ਜਾਵੇਗਾ। ਸਿੰਘ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਹ ਕੈਨੇਡਾ ਦੇ ਤਾਅਨੇ ਮਾਰਨ ਵਾਲੇ ਸੱਭਿਆਚਾਰ ਵਿੱਚ ਹੋਰ ਨਹੀਂ ਰਹਿ ਸਕਦਾ।

ਵੀਡੀਓ ਵਿੱਚ ਪਾਠੀ ਸਿੰਘ ਨੇ ਖ਼ੁਲਾਸਾ ਕੀਤਾ ਕਿ ਉਨ੍ਹਾਂ ਨੂੰ ਮਹੀਨੇ ਦੇ ਸਿਰਫ਼ 800 ਡਾਲਰ ਦਿੱਤੇ ਜਾਂਦੇ ਹਨ। ਜੇਕਰ ਸੰਗਤ ਵਿੱਚੋਂ ਕੋਈ ਸ਼ਰਧਾ ਨਾਲ ਪੈਸੇ ਭੇਟ ਕਰਦਾ ਹੈ, ਤਾਂ ਪ੍ਰਬੰਧਕ ਇਹ ਕਹਿ ਕੇ ਤਾਅਨੇ ਮਾਰਦੇ ਹਨ ਕਿ ਤੁਸੀਂ ਤਾਂ ਸੌਂਦੇ ਹੋਏ ਵੀ ਬਹੁਤ ਪੈਸੇ ਕਮਾ ਰਹੇ ਹੋ। ਪਾਠੀ ਸਿੰਘ ਅਨੁਸਾਰ, ਗੁਰਦੁਆਰੇ ਵਿੱਚ ਸੇਵਕਾਂ ਨੂੰ ਛੋਟੀਆਂ-ਛੋਟੀਆਂ ਗੱਲਾਂ ਲਈ ਬੱਚਿਆਂ ਵਾਂਗ ਝਿੜਕਿਆ ਜਾਂਦਾ ਹੈ ਅਤੇ ਹਰ ਵਕਤ ਅਪਮਾਨਿਤ ਕੀਤਾ ਜਾਂਦਾ ਹੈ। ਸਿੰਘ ਨੇ ਸੰਗਤ ਨੂੰ ਬੇਨਤੀ ਕੀਤੀ ਕਿ ਉਹ ਪਿਛਲੇ ਢਾਈ ਸਾਲਾਂ ਤੋਂ ਸੇਵਾ ਕਰ ਰਹੇ ਹਨ, ਪਰ ਹੁਣ ਇਸ ਐਤਵਾਰ ਤੋਂ ਬਾਅਦ ਉਹ ਹਮੇਸ਼ਾ ਲਈ ਛੁੱਟੀ ਲੈ ਕੇ ਆਪਣੇ ਪਰਿਵਾਰ ਕੋਲ ਭਾਰਤ ਵਾਪਸ ਚਲਾ ਜਾਵੇਗਾ।

ਸਿੰਘ ਨੇ ਅਫ਼ਸੋਸ ਜਤਾਉਂਦਿਆਂ ਕਿਹਾ ਕਿ ਅੱਜ-ਕੱਲ੍ਹ ਕਈ ਗੁਰੂਘਰ ਸਿਰਫ਼ ਦਿਖਾਵਾ ਬਣ ਗਏ ਹਨ ਅਤੇ ਸਿੱਖੀ ਨਾਲ ਪਿਆਰ ਦੀ ਬਜਾਏ ਚੌਧਰ (ਸਰਦਾਰੀ) ਦੀ ਭੁੱਖ ਵਧ ਗਈ ਹੈ। ਇਹ ਮੁੱਦਾ ਸਿਰਫ਼ ਵਿਦੇਸ਼ਾਂ ਤੱਕ ਸੀਮਤ ਨਹੀਂ ਹੈ।

---

ਕਰ ਦਿੱਤਾ।ਉਨ੍ਹਾਂ ਨੇ ਦੱਸਿਆ ਕਿ ਜਦੋਂ ਏਂਜੇਲ ਉਨ੍ਹਾਂ ਨੂੰ ਬਚਾਉਣ ਲਈ ਅੱਗੇ ਆਇਆ ਤਾਂ ਹਮਲਾਵਰਾਂ ਨੇ ਉਨ੍ਹਾਂ ਨੂੰ ਵੀ ਮਾਰਨਾ ਸ਼ੁਰੂ ਕਰ ਦਿੱਤਾ।ਮਾਈਕਲ ਮੁਤਾਬਕ, "ਉਨ੍ਹਾਂ ਨੂੰ ਜ਼ਮੀਨ 'ਤੇ ਸੁੱਟ ਕੇ ਲੱਤਾਂ ਨਾਲ ਮਾਰਿਆ ਗਿਆ ਅਤੇ ਇਸ ਦੌਰਾਨ ਇੱਕ ਨੌਜਵਾਨ ਨੇ ਹੱਥ ਵਿੱਚ ਪਹਿਨੇ ਕੜੇ ਨਾਲ ਉਸਦੇ ਸਿਰ 'ਤੇ ਵਾਰ ਕੀਤਾ, ਜਿਸ ਨਾਲ ਉਹ ਬੇਹੋਸ਼ ਹੋ ਗਿਆ। ਕੁਝ ਦੇਰ ਬਾਅਦ ਹੋਸ਼ ਆਇਆ ਤਾਂ ਸਿਰ ਤੋਂ ਖ਼ੂਨ ਵਹਿ ਰਿਹਾ ਸੀ ਅਤੇ ਨੌਜਵਾਨਾਂ ਦਾ ਗਰੁੱਪ ਏਂਜੇਲ ਨਾਲ ਕੁੱਟਮਾਰ ਕਰ ਕੇ ਜਾ ਚਲੇ ਗਏ ਸੀ।"ਮਾਈਕਲ ਨੇ ਦੱਸਿਆ ਕਿ ਏਂਜੇਲ ਖ਼ੂਨ ਨਾਲ ਲੱਥਪੱਥ ਹਾਲਤ ਵਿੱਚ ਮਿਲੇ। ਭਰਾ ਦੀ ਹਾਲਤ ਦੇਖ ਕੇ ਉਹ ਬਹੁਤ ਘਬਰਾ ਗਿਆ ਸੀ।ਏਂਜੇਲ ਦੇ ਸਿਰ 'ਤੇ ਵੀ ਕੜੇ ਨਾਲ ਵਾਰ ਕੀਤਾ ਗਿਆ ਸੀ ਅਤੇ ਪਿੱਠ ਦੇ ਹੇਠਲੇ ਹਿੱਸੇ ਵਿੱਚ ਚਾਕੂ ਮਾਰਿਆ ਗਿਆ ਸੀ।"ਮਾਈਕਲ ਨੇ ਕਿਹਾ, "ਕਿਸੇ ਭਾਰਤੀ ਨੂੰ 'ਚਾਈਨੀਜ਼' ਕਹਿਣਾ ਆਪਣੇ ਆਪ ਵਿੱਚ ਹੀ ਵਿਵਾਦਾਸਪਦ ਹੈ। ਅਸੀਂ ਵੀ ਭਾਰਤੀ ਹਾਂ ਅਤੇ ਆਪਣੇ ਦੇਸ਼ ਨਾਲ ਉਨਾ ਹੀ ਪਿਆਰ ਕਰਦੇ ਹਾਂ।"ਏਂਜੇਲ ਅਤੇ ਮਾਈਕਲ ਦੇ ਪਿਤਾ ਤਰੁਣ ਪ੍ਰਸਾਦ ਚਕਮਾ ਬੀਐੱਸਐੱਫ਼ ਦੀ 50ਵੀਂ ਬਟਾਲੀਅਨ ਵਿੱਚ ਹੈੱਡ ਕਾਂਸਟੇਬਲ ਹਨ ਅਤੇ ਮਣੀਪੁਰ ਵਿੱਚ ਤੈਨਾਤ ਹਨ। ਪੁੱਤਰ ਦੀ ਅਕਾਲ ਮੌਤ ਤੋਂ ਬਾਅਦ ਉਹ ਇੰਨੇ ਸਦਮੇ ਵਿੱਚ ਹਨ ਕਿ ਗੱਲ ਕਰਨ ਦੀ ਹਾਲਤ ਵਿੱਚ ਨਹੀਂ ਹਨ, ਜਦਕਿ ਮਾਂ ਦਾ ਵੀ ਰੋ-ਰੋ ਕੇ ਬੁਰਾ ਹਾਲ ਹੈ।ਏਂਜੇਲ ਚਕਮਾ ਦੇ ਕਤਲ ਤੋਂ ਬਾਅਦ ਪੁਲਿਸ ਦੀ ਭੂਮਿਕਾ 'ਤੇ ਵੀ ਗੰਭੀਰ ਸਵਾਲ ਉੱਠ ਰਹੇ ਹਨ। 9 ਦਸੰਬਰ ਦੀ ਘਟਨਾ ਤੋਂ ਬਾਅਦ ਏਂਜੇਲ ਦੇ ਭਰਾ ਮਾਈਕਲ ਚਕਮਾ ਦੀ ਸ਼ਿਕਾਇਤ 'ਤੇ ਪੁਲਿਸ ਨੇ 12 ਦਸੰਬਰ ਨੂੰ ਕੁਝ ਅਣਪਛਾਤੇ ਲੋਕਾਂ ਦੇ ਖ਼ਿਲਾਫ਼ ਸ਼ਰਾਬ ਦੇ ਨਸ਼ੇ ਵਿੱਚ ਜਾਣਬੁੱਝ ਕੇ ਕੁੱਟਮਾਰ ਕਰਨ ਦੀਆਂ ਧਾਰਾਵਾਂ ਹੇਠ ਮਾਮਲਾ ਦਰਜ ਕੀਤਾ।ਇਸ ਦੇ ਬਾਵਜੂਦ ਐੱਫ਼ਆਈਆਰ ਵਿੱਚ ਜਾਨੋਂ ਮਾਰਨ ਦੀ ਕੋਸ਼ਿਸ਼ ਨਾਲ ਸੰਬੰਧਿਤ ਧਾਰਾ ਸ਼ਾਮਲ ਨਹੀਂ ਕੀਤੀ ਗਈ।ਪੁਲਿਸ ਮੁਲਾਜ਼ਮਾਂ ਨੇ ਉਲਟਾ ਇਹ ਕਹਿ ਕੇ ਨਾਰਾਜ਼ਗੀ ਜਤਾਈ ਕਿ ਉਹ ਜਾਤਿਵਾਦ ਨੂੰ ਕਿਉਂ ਵਧਾਵਾ ਦੇ ਰਹੇ ਹਨ।

ਤ੍ਰਿਪੁਰਾ ਦੀ ਖੇਤਰੀ ਪਾਰਟੀ ਟਿਪਰਾ ਮੋਥਾ ਪਾਰਟੀ ਦੀ ਇਕਾਈ, ਟਿਪਰਾ ਮਹਿਲਾ ਫੈਡਰੇਸ਼ਨ ਦੀ ਪੱਛਮੀ ਜ਼ਿਲ੍ਹਾ ਸਕੱਤਰ ਨਾਈਸ਼ਾ ਮਾਰੀ ਦੇਬਬਰਮਾ ਨੇ ਏਂਜੇਲ ਚਕਮਾ ਦੀ ਮੌਤ ਨੂੰ ਬਹੁਤ ਹੀ ਦੁੱਖਦਾਇਕ ਘਟਨਾ ਦੱਸਿਆ ਹੈ।

ਉਨ੍ਹਾਂ ਕਿਹਾ ਕਿ ਨਸਲੀ ਵਿਤਕਰੇ ਦੀ ਸਮੱਸਿਆ ਸਿਰਫ਼ ਦੇਹਰਾਦੂਨ ਤੱਕ ਸੀਮਿਤ ਨਹੀਂ ਹੈ। ਉਨ੍ਹਾਂ ਦੇ ਮੁਤਾਬਕ, ਦਿੱਲੀ, ਬੈਂਗਲੁਰੂ ਅਤੇ ਹੈਦਰਾਬਾਦ ਵਰਗੇ ਸ਼ਹਿਰਾਂ ਵਿੱਚ ਵੀ ਉੱਤਰ-ਪੂਰਬ ਦੇ ਲੋਕਾਂ ਨੂੰ ਵਿਤਕਰੇ ਅਤੇ ਨਸਲਵਾਦ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਨ੍ਹਾਂ ਨੇ ਕਿਹਾ, "ਸਾਨੂੰ ਨਹੀਂ ਪਤਾ ਕਿ ਕਿਸ ਆਧਾਰ 'ਤੇ ਸਾਨੂੰ 'ਚਿੰਕੀ', 'ਮਿੰਕੀ' ਜਾਂ 'ਚਾਈਨੀਜ਼' ਕਿਹਾ ਜਾਂਦਾ ਹੈ, ਜਦਕਿ ਸਾਡੀ ਨਾਗਰਿਕਤਾ ਭਾਰਤ ਦੀ ਹੈ ਅਤੇ ਉਸ ਨਾਲ ਜੁੜੇ ਸਾਰੇ ਕਾਗਜ਼ਾਤ ਸਾਡੇ ਕੋਲ ਹਨ।"ਉਨ੍ਹਾਂ ਨੇ ਦੱਸਿਆ ਕਿ ਕਾਲਜ ਦੇ ਦਿਨਾਂ ਤੋਂ ਲੈ ਕੇ ਅੱਜ ਤੱਕ ਉਨ੍ਹਾਂ ਨੂੰ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਹੈ। "ਮੈਨੂੰ ਕਿਹਾ ਗਿਆ ਕਿ ਤੂੰ ਚਾਈਨੀਜ਼ ਹੈ, ਭਾਰਤ ਤੋਂ ਵਾਪਸ ਜਾਓ। ਕਦੇ ਪੁੱਛਿਆ ਗਿਆ ਕਿ ਤ੍ਰਿਪੁਰਾ... ਜਪਾਨ ਵਿੱਚ ਹੈ ਜਾਂ ਭੂਟਾਨ ਵਿੱਚ।"ਟੋਂਗਕੁਚਾਂਗ ਨੇ ਇਹ ਵੀ ਇਲਜ਼ਾਮ ਲਗਾਇਆ ਕਿ ਜਿਸ ਕੰਪਨੀ ਵਿੱਚ ਉਹ ਕੰਮ ਕਰਦੇ ਹਨ, ਉੱਥੇ ਉਨ੍ਹਾਂ ਦੇ ਸੀਨੀਅਰ ਅਧਿਕਾਰੀ ਉਨ੍ਹਾਂ ਸਭ ਦੇ ਸਾਹਮਣੇ 'ਚਾਈਨੀਜ਼' ਕਹਿ ਕੇ ਬੁਲਾਉਂਦੇ ਹਨ ਅਤੇ ਇਤਰਾਜ਼ ਟਿੱਪਣੀਆਂ ਕਰਦੇ ਹਨ।ਉਨ੍ਹਾਂ ਨੇ ਕਿਹਾ ਕਿ ਉੱਤਰ-ਪੂਰਬ ਦੇ ਲੋਕ ਸ਼ਾਂਤ ਪ੍ਰਕਿਰਤੀ ਦੇ ਹੁੰਦੇ ਹਨ, ਪਰ ਜਦੋਂ ਉਨ੍ਹਾਂ ਨੂੰ 'ਚਾਈਨੀਜ਼', 'ਚਿੰਕੀ' ਜਾਂ 'ਚਿੰਕੂ' ਵਰਗੇ ਸ਼ਬਦਾਂ ਨਾਲ ਪੁਕਾਰਿਆ ਜਾਂਦਾ ਹੈ ਤਾਂ ਇਹ ਬਹੁਤ ਦਰਦਨਾਕ ਹੁੰਦਾ ਹੈ।







# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

30 ਦਸੰਬਰ ਦਿਨ ਮੰਗਲਵਾਰ ਨਵੇਂ ਸਾਲ ਦੇ ਸਬੰਧ ਵਿਚ ਦੀਪ ਟਾਇਰ ਕੰਪਨੀ ਵੱਲੋਂ ਅਖੰਡਪਾਲ ਸਾਹਿਬ ਆਰੰਭ ਹੋਣਗੇ ਅਤੇ 1 ਜਨਵਰੀ ਦਿਨ ਵੀਰਵਾਰ ਨੂੰ ਪਾਏ ਜਾਣਗੇ।

*1 ਜਨਵਰੀ ਦਿਨ ਵੀਰਵਾਰ ਰਾਜਵਿੰਦਰ ਕੌਰ ਤੇ ਸੁਖਦੇਵ ਸਿੰਘ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 3 ਜਨਵਰੀ ਦਿਨ ਸ਼ਨਿੱਚਰਵਾਰ ਨੂੰ ਭੋਗ ਪੈਣਗੇ।

*2 ਜਨਵਰੀ ਦਿਨ ਸ਼ੁੱਕਰਵਾਰ ਹਾਲ ਨੰ:2 ਵਿਚ ਭਾਰਜ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 4 ਜਨਵਰੀ ਦਿਨ ਸ਼ਨਿੱਚਰਵਾਰ ਭੋਗ ਪਾਏ ਜਾਣਗੇ।

*2 ਜਨਵਰੀ ਦਿਨ ਸ਼ੁੱਕਰਵਾਰ ਬੱਚੀ ਗੁਰਲੀਨ ਕੌਰ ਦੇ ਅਨੰਦ ਕਾਰਜ ਹੋਣਗੇ।

*3 ਜਨਵਰੀ ਦਿਨ ਸ਼ਨਿੱਚਰਵਾਰ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਪ੍ਰੇਮ ਸਿੰਘ ਬਾਜਵਾ ਪਰਿਵਾਰ ਵੱਲੋਂ ਹੋਵੇਗੀ।

*3 ਜਨਵਰੀ ਦਿਨ ਸ਼ਨਿੱਚਰਵਾਰ ਕੁੜਮਾਈ ਦੀ ਰਸਮ ਹੋਵੇਗੀ।

*4 ਜਨਵਰੀ ਦਿਨ ਐਤਵਾਰ ਸਹਿਜ ਪਾਠ ਦੇ ਭੋਗ, ਲੰਗਰ ਅਤੇ ਕੀਰਤਨ ਦੀ ਸੇਵਾ ਸੁਖਜੀਤ ਕੌਰ ਪਰਿਵਾਰ ਵੱਲੋਂ ਹੋਵੇਗੀ।ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੇ ਸਬੰਧ ਵਿਚ ਵਿਸ਼ੇਸ਼ ਦੀਵਾਨ ਸਜਣਗੇ।

5 ਜਨਵਰੀ ਦਿਨ ਸੋਮਵਾਰ ਜਗਜੀਤ ਸਿੰਘ ਸੰਘੇੜਾ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 7 ਜਨਵਰੀ ਦਿਨ ਬੁੱਧਵਾਰ ਭੋਗ ਪਾਏ ਜਾਣਗੇ।

*6 ਜਨਵਰੀ ਦਿਨ ਮੰਗਲਵਾਰ ਬੱਚੀ ਜਸਪ੍ਰੀਤ ਕੌਰ ਦੇ ਅਨੰਦ ਕਾਰਜ ਹੋਣਗੇ।

*7 ਜਨਵਰੀ ਦਿਨ ਬੁੱਧਵਾਰ ਦਰਸ਼ਨ ਸਿੰਘ ਸੈਣੀ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ।

**ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ**

ਗੁਰਬਾਣੀ ਸਿਮਰਨ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੁੰਦੇ ਹਨ

**ਰਾਗੀ ਜੱਥਾ**
ਸਤਨਾਮ ਸਿੰਘ
ਲੁਧਿਆਣੇ ਵਾਲੇ

**ਕਥਾਵਾਚਕ**
ਗਿਆਨੀ ਨਿਰਵੈਲ ਸਿੰਘ
ਬੀੜ ਬਾਬਾ ਬੁੱਢਾ ਜੀ ਵਾਲੇ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-585-0319

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਸਿਡਨੀ ਹਮਲਾ:ਸਿੱਖ ਨੌਜਵਾਨ ਦੀ ਬਹਾਦਰੀ ਦੀ ਚਰਚਾ ਘੱਟ ਹੋਈ

## ਬਹਾਦਰ ਸਿੱਖ ਨੌਜਵਾਨ ਅਮਨਦੀਪ ਸਿੰਘ ਬੋਲਾ ਨੇ ਸਿਡਨੀ ਵਿੱਚ ਹਮਲਾਵਰ ਨੂੰ ਕਾਬ ਕਰਕੇ ਲੋਕਾਂ ਨੂੰ ਬਚਾਇਆ



ਸਿਡਨੀ, ਆਸਟ੍ਰੇਲੀਆ-ਆਸਟ੍ਰੇਲੀਆ ਦੇ ਮਸ਼ਹੂਰ ਸ਼ਹਿਰ ਸਿਡਨੀ ਦੇ ਬੌਂਡੀ ਬੀਚ 'ਤੇ ਵਾਪਰੀ ਇੱਕ ਦਹਿਸ਼ਤ ਭਰੀ ਘਟਨਾ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਇੱਕ ਪਿਓ-ਪੁੱਤ ਦੀ ਜੋੜੀ ਨੇ ਅੱਤਵਾਦੀ ਵਾਰਦਾਤ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕੀਤੀ। ਪਰ ਇਸ ਵਿਚਕਾਰ ਇੱਕ ਬਹਾਦਰ ਸਿੱਖ ਨੌਜਵਾਨ ਅਮਨਦੀਪ ਸਿੰਘ ਨੇ ਆਪਣੀ ਹਿੰਮਤ ਅਤੇ ਹੌਂਸਲੇ ਨਾਲ ਹਮਲਾਵਰ ਨੂੰ ਕਾਬੂ ਕਰ ਲਿਆ ਅਤੇ ਕਈ ਲੋਕਾਂ ਨੂੰ ਮੌਤ ਦੇ ਮੂੰਹ ਵਿੱਚ ਜਾਣ ਤੋਂ ਬਚਾ ਲਿਆ। ਅਮਨਦੀਪ ਸਿੰਘ ਨਿਊਜ਼ੀਲੈਂਡ ਦਾ ਵਾਸੀ ਹੈ ਅਤੇ ਪੰਜਾਬੀ ਮੂਲ ਦੇ ਸਿੱਖ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਅਮਨਦੀਪ ਦੀ ਇਸ ਬਹਾਦਰੀ ਨੇ ਨਾ ਸਿਰਫ਼ ਆਸਟ੍ਰੇਲੀਆ ਵਿੱਚ ਬਲਕਿ ਪੂਰੀ ਦੁਨੀਆ ਵਿੱਚ ਸਿੱਖ ਭਾਈਚਾਰੇ ਦਾ ਮਾਣ ਵਧਾਇਆ ਹੈ। ਚਸ਼ਮਦੀਦਾਂ ਮੁਤਾਬਕ, ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਬੀਚ 'ਤੇ ਇੱਕ ਵੱਡਾ ਇਕੱਠ ਹੋ ਰਿਹਾ ਸੀ। ਲੋਕ ਆਰਾਮ ਕਰ ਰਹੇ ਸਨ, ਬੱਚੇ ਖੇਡ ਰਹੇ ਸਨ ਅਤੇ ਪਰਿਵਾਰ ਵਕਤ ਬਿਤਾ ਰਹੇ ਸਨ। ਅਚਾਨਕ ਇੱਕ ਪਿਓ-ਪੁੱਤ ਦੀ ਜੋੜੀ ਨੇ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਪਿਓ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਪੁੱਤ ਨੇ ਚਾਕੂ ਨਾਲ ਲੋਕਾਂ 'ਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ। ਇਸ ਨਾਲ ਬੀਚ 'ਤੇ ਹਫੜਾ-ਦਫੜੀ ਮੱਚ ਗਈ। ਲੋਕ ਚੀਕਾਂ ਮਾਰ ਕੇ ਭੱਜਣ ਲੱਗੇ ਅਤੇ ਕਈ ਲੋਕ ਜ਼ਖਮੀ ਹੋ ਗਏ।ਇਸ ਹਮਲੇ ਦੌਰਾਨ ਇੱਕ ਨੌਜਵਾਨ ਨੇ ਆਪਣੀ ਬਹਾਦਰੀ ਵਿਖਾਈ। ਅਮਨਦੀਪ ਸਿੰਘ ਬੋਲਾ ਉਸ ਵੇਲੇ ਬੀਚ 'ਤੇ ਮੌਜੂਦ ਸੀ। ਉਹ ਨਿਊਜ਼ੀਲੈਂਡ ਤੋਂ ਆਇਆ ਹੋਇਆ ਸੀ ਅਤੇ ਆਪਣੇ ਦੋਸਤਾਂ ਨਾਲ ਵਕਤ ਬਿਤਾ ਰਿਹਾ ਸੀ।ਅਮਨਦੀਪ ਇੱਕ ਜਿਮ ਟ੍ਰੇਨਰ ਹੈ ਅਤੇ ਉਸ ਕੋਲ ਚੰਗੀ ਸਰੀਰਕ ਤਾਕਤ ਹੈ। ਜਦੋਂ ਉਸ ਨੇ ਵੇਖਿਆ ਕਿ ਹਮਲਾਵਰ ਪੁੱਤ ਲੋਕਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ ਤਾਂ ਉਹ ਬਿਨਾਂ ਵਕਤ ਗਵਾਏ ਅੱਗੇ ਵਧਿਆ। ਉਸ ਨੇ ਆਪਣੀ ਸੂਝ-ਬੂਝ ਨਾਲ ਹਮਲਾਵਰ ਨੂੰ ਪਿੱਛੇ ਤੋਂ ਫੜ ਲਿਆ ਅਤੇ ਉਸ ਨੂੰ ਜ਼ਮੀਨ 'ਤੇ ਸੁੱਟ ਦਿੱਤਾ। ਫਿਰ ਉਸ ਨੇ ਹਮਲਾਵਰ ਦੀ ਧੌਣ 'ਤੇ ਆਪਣਾ ਗੋਡਾ ਰੱਖ ਕੇ ਉਸ ਨੂੰ ਹਿਲਣ ਨਹੀਂ ਦਿੱਤਾ। ਅਮਨਦੀਪ ਨੇ ਉਸ ਨੂੰ ਉਸ ਵੇਲੇ ਤੱਕ ਕਾਬੂ ਵਿੱਚ ਰੱਖਿਆ ਜਦੋਂ ਤੱਕ ਪੁਲਿਸ ਮੌਕੇ 'ਤੇ ਨਹੀਂ ਪਹੁੰਚ ਗਈ। ਇਸ ਨਾਲ ਨਾ ਸਿਰਫ਼ ਹਮਲਾਵਰ ਨੂੰ ਰੋਕਿਆ ਗਿਆ ਬਲਕਿ ਕਈ ਲੋਕਾਂ ਦੀ ਜਾਨ ਬਚ ਗਈ।ਅਮਨਦੀਪ ਸਿੰਘ ਬੋਲਾ ਦਾ ਜਨਮ ਨਿਊਜ਼ੀਲੈਂਡ ਵਿੱਚ ਹੋਇਆ ਹੈ ਅਤੇ ਉਹ ਤੀਜੀ ਪੀੜ੍ਹੀ ਦੇ ਸਿੱਖ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਉਸ ਦੇ ਪਿਤਾ ਮਨਜੀਤ ਸਿੰਘ ਬੋਲਾ ਵੀ ਨਿਊਜ਼ੀਲੈਂਡ ਵਿੱਚ ਰਹਿੰਦੇ ਹਨ ਅਤੇ ਪਰਿਵਾਰ ਪੰਜਾਬ ਦੇ ਜਿਲ੍ਹਾ ਨਵਾਂ ਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦੇ ਪਿੰਡ ਨੋਰਾ ਨਾਲ ਸੰਬੰਧ ਰੱਖਦਾ ਹੈ। ਅਮਨਦੀਪ ਨੇ ਬਚਪਨ ਤੋਂ ਹੀ ਸਿੱਖ ਧਰਮ ਦੇ ਸਿਧਾਂਤਾਂ ਨੂੰ ਅਪਣਾਇਆ ਹੈ, ਜਿਨ੍ਹਾਂ ਵਿੱਚ ਬਹਾਦਰੀ ਅਤੇ ਮਨੱਖਤਾ ਦੀ ਸੇਵਾ ਸਭ ਤੋਂ ਉੱਤੇ ਹੈ। ਉਹ ਜਿਮ ਵਿੱਚ ਟ੍ਰੇਨਿੰਗ ਦਿੰਦਾ ਹੈ ਅਤੇ ਲੋਕਾਂ ਨੂੰ ਤੰਦਰੁਸਤ ਰਹਿਣ ਲਈ ਪ੍ਰੇਰਿਤ ਕਰਦਾ ਹੈ।ਘਟਨਾ ਵੇਲੇ ਉਹ ਆਪਣੀ ਤਾਕਤ ਅਤੇ ਸਿਖਲਾਈ ਦਾ ਫਾਇਦਾ ਉਠਾਉਂਦਾ ਹੋਇਆ ਹਮਲਾਵਰ ਨੂੰ ਕਾਬੂ ਕਰਨ ਵਿੱਚ ਕਾਮਯਾਬ ਹੋਇਆ।ਇੱਕ ਚਸ਼ਮਦੀਦ ਨੇ ਕਿਹਾ, ''ਉਸ ਦੀ ਵਜ੍ਹਾ ਨਾਲ ਕਈ ਬੱਚੇ ਅਤੇ ਔਰਤਾਂ ਬਚ ਗਏ।'' ਇੱਕ ਹੋਰ ਵਿਅਕਤੀ ਨੇ ਕਿਹਾ ਕਿ ਅਮਨਦੀਪ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਇਹ ਕੰਮ ਕੀਤਾ ਹੈ ਅਤੇ ਉਹ ਸੱਚਮੁੱਚ ਇੱਕ ਹੀਰੋ ਹੈ।ਪੁਲਿਸ ਨੇ ਘਟਨਾ ਤੋਂ ਬਾਅਦ ਅਮਨਦੀਪ ਨੂੰ ਸਨਮਾਨਿਤ ਕੀਤਾ ਅਤੇ ਉਸ ਨੂੰ ਬਹਾਦਰੀ ਦਾ ਸਰਟੀਫਿਕੇਟ ਦਿੱਤਾ। ਨਿਊ ਸਾਊਥ ਵੇਲਜ਼ ਪੁਲਿਸ ਦੇ ਇੱਕ ਅਧਿਕਾਰੀ ਨੇ ਕਿਹਾ, ''ਅਮਨਦੀਪ ਵਰਗੇ ਲੋਕਾਂ ਕਾਰਨ ਹੀ ਸਮਾਜ ਸੁਰੱਖਿਅਤ ਰਹਿੰਦਾ ਹੈ। ਉਸ ਨੇ ਪੁਲਿਸ ਦੇ ਆਉਣ ਤੋਂ ਪਹਿਲਾਂ ਹੀ ਹਮਲਾਵਰ ਨੂੰ ਰੋਕ ਲਿਆ ਜਿਸ ਨਾਲ ਵੱਡਾ ਨੁਕਸਾਨ ਹੋਣ ਤੋਂ ਬਚ ਗਿਆ।'' ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਨੇ ਵੀ ਇਸ ਘਟਨਾ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਅੱਤਵਾਦ ਨੂੰ ਕਿਸੇ ਵੀ ਕੀਮਤ 'ਤੇ ਰੋਕਿਆ ਜਾਵੇਗਾ ਅਤੇ ਅਜਿਹੇ ਬਹਾਦਰ ਨਾਗਰਿਕਾਂ ਨੂੰ ਸਨਮਾਨ ਦਿੱਤਾ ਜਾਵੇਗਾ। ਘਟਨਾ ਤੋਂ ਬਾਅਦ ਅਮਨਦੀਪ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ, ''ਮੈਂ ਆਪਣੇ ਧਰਮ ਤੋਂ ਸਿੱਖਿਆ ਹੈ ਕਿ ਮਨੁੱਖਤਾ ਦੀ ਰੱਖਿਆ ਕਰਨੀ ਚਾਹੀਦੀ ਹੈ।'' ਉਸ ਨੇ ਇਹ ਵੀ ਕਿਹਾ ਕਿ ਉਹ ਨਿਊਜ਼ੀਲੈਂਡਵਾਪਸ ਜਾ ਕੇ ਆਪਣੀ ਜ਼ਿੰਦਗੀ ਨੂੰ ਨਾਰਮਲ ਬਣਾਉਣਾ ਚਾਹੁੰਦਾ ਹੈ ਪਰ ਇਸ ਘਟਨਾ ਨੇ ਉਸ ਨੂੰ ਹੋਰ ਮਜ਼ਬੂਤ ਬਣਾ ਦਿੱਤਾ ਹੈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਭਾਰਤ ਵਿੱਚ ਕੱਟੜਵਾਦੀਆਂ ਵੱਲੋਂ ਬੰਦੇ ਮਾਰਨਾ ਰੁਕ ਨਹੀਂ ਰਿਹਾ

## ਪਿਛਲੇ ਦਿਨੀਂ ਈਸਾਈਆਂ ਉੱਤੇ ਹੋਏ ਹਮਲਿਆਂ ਦਾ ਅੰਤਰਰਾਸ਼ਟਰੀ ਪੱਧਰ ਤੇ ਉੱਠਿਆ ਮੁੱਦਾ

ਆਮ ਮਜ਼ਦੂਰਾਂ ਖਾਸ ਕਰਕੇ ਮੁਸਲਮਾਨਾ ਨੂੰ ਬੰਗਲਾ ਦੇਸ਼ੀ ਕਹਿ ਕੇ ਮਾਰਨਾ ਅਤੇ ਈਸਾਈ ਲੋਕਾਂ ਦੀ ਕ੍ਰਿਸਮਿਸ ਮੌਕੇ ਉਨਾ ਨਾਲ ਬਦਸਲੂਕੀ , ਭੰਨ ਤੋੜ ਦਾ ਮਸਲਾ ਅੰਤਰ ਰਾਸ਼ਟਰੀ ਪੱਧਰ ਉੱਠ ਚੁਕਿਆ ਹੈ।ਦੁਨੀਆਂ ਦੇਵੱਡੇ ਅਖਬਾਰਾਂ ਨੇ ਭਾਰਤ ਵਿੱਚ ਈਸਾਈਆਂ ਤੇ ਹੋ ਰਹੇ ਹਮਲਿਆਂ ਬਾਰੇ ਵੱਡੀਆਂ ਸੁਰਖੀਆਂ ਲਾਈਆਂ ਹਨ।

ਕੇਰਲਾ ਵਿੱਚ ਹਿੰਦੂਤਵੀਆਂ ਵੱਲੋਂ ਛੱਤੀਸਗੜ੍ਹ ਦੇ ਮਜ਼ਦੂਰ ਨੂੰ ਬੰਗਲਾਦੇਸ਼ੀ ਦੱਸ ਕੇ ਮਾਰ ਦੇਣ ਦਾ ਮਾਮਲਾ ਅਜੇ ਪੂਰੀ ਤਰ੍ਹਾਂ ਸ਼ਾਂਤ ਵੀ ਨਹੀਂ ਹੋਇਆ ਕਿ ਲੰਘੇ ਬੁੱਧਵਾਰ ਓਡੀਸ਼ਾ ਵਿੱਚ ਪੱਛਮੀ ਬੰਗਾਲ ਦੇ ਮਜ਼ਦੂਰ ਜ਼ੁਏਲ ਸ਼ੇਖ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਮੁਰਸ਼ਿਦਾਬਾਦ ਦੇ ਚਕਬਹਾਦਰ ਪੁਰ ਦਾ ਜ਼ੁਏਲ ਓਡੀਸ਼ਾ ਦੇ ਸੰਬਲਪੁਰ ਜ਼ਿਲ੍ਹੇ ਦੇ ਸ਼ਾਂਤੀਨਗਰ ਵਿੱਚ ਉਸਾਰੀ ਮਜ਼ਦੂਰ ਵਜੋਂ ਕੰਮ ਕਰ ਰਿਹਾ ਸੀ। ਉਸ ਦੇ ਸਾਥੀ ਮਜ਼ਦੂਰ ਪਲਟੂ ਸ਼ੇਖ ਨੇ ਦੱਸਿਆ ਕਿ ਉਹ ਚਾਹ ਦੀ ਦੁਕਾਨ ’ਤੇ ਸਨ ਕਿ ਕੁਝ ਤਿਲਕਧਾਰੀਆਂ ਨੇ ਉੱਥੇ ਆ ਕੇ ਜ਼ੁਏਲ ਤੋਂ ਬੀੜੀ ਮੰਗੀ। ਉਸ ਤੋਂ ਬਾਅਦ ਉਨ੍ਹਾਂ ਨੂੰ ਆਧਾਰ ਕਾਰਡ ਦਿਖਾਉਣ ਲਈ ਕਿਹਾ। ਉਨ੍ਹਾਂ ਆਧਾਰ ਕਾਰਡ ਦਿਖਾ ਦਿੱਤੇ। ਅਚਾਨਕ ਹਿੰਦੂਤਵੀਆਂ ਨੇ ਲਾਠੀਆਂ ਨਾਲ ਹਮਲਾ ਕਰ ਦਿੱਤਾ। ਸਿਰ ’ਤੇ ਲਾਠੀ ਲੱਗਣ ਨਾਲ ਜ਼ੁਏਲ ਜ਼ਖਮੀ ਹੋ ਗਿਆ। ਜਦੋਂ ਉਸ ਨੂੰ ਹਸਪਤਾਲ ਲੈ ਕੇ ਪੁੱਜੇ ਤਾਂ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਪਲਟੂ ਨੇ ਦੱਸਿਆ ਕਿ ਉਹ 12 ਸਾਲ ਤੋਂ ਓਡੀਸ਼ਾ ਵਿੱਚ ਕੰਮ ਕਰ ਰਿਹਾ ਹੈ, ਪਹਿਲੀ ਵਾਰ ਉਨ੍ਹਾਂ ਨਾਲ ਅਜਿਹੀ ਵਾਰਦਾਤ ਹੋਈ। ਜ਼ੁਏਲ ਦੀ ਮਾਂ ਨੇ ਦੱਸਿਆ ਕਿ ਉਸ ਦੇ ਸਾਥੀਆਂ ਨੇ ਦੱਸਿਆ ਕਿ ਉਸ ਨੂੰ ਬੰਗਲਾਦੇਸ਼ੀ ਕਹਿ ਕੇ ਬੁਰੀ ਤਰ੍ਹਾਂ ਕੁੱਟਿਆ ਗਿਆ।ਜਦੋਂ ਤੋਂ ਓਡੀਸ਼ਾ ਵਿੱਚ ਭਾਜਪਾ ਸਰਕਾਰ ਬਣੀ ਹੈ, ਬੰਗਾਲੀਆਂ ਨੂੰ ਬੰਗਲਾਦੇਸ਼ੀ ਕਹਿ ਕੇ ਕੁੱਟਿਆ ਜਾ ਰਿਹਾ ਹੈ ਤੇ ਗ੍ਰਿਫਤਾਰ ਕੀਤਾ ਜਾ ਰਿਹਾ ਹੈ।ਕੇਰਲਾ ਦੇ ਪਲੱਕੜ ਜ਼ਿਲ੍ਹੇ ਵਿੱਚ ਛੱਤੀਸਗੜ੍ਹ ਦੇ 31 ਸਾਲਾ ਹਿੰਦੂ ਗਰੀਬ ਮਜ਼ਦੂਰ ਰਾਮ ਨਾਰਾਇਣ ਬਘੇਲ ਦੀ ਵੀ 17 ਦਸੰਬਰ ਨੂੰ ਭੀੜ ਨੇ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਸੀ। ਵਾਇਰਲ ਵੀਡੀਓ ਵਿੱਚ ਹਮਲਾਵਰ ਨੂੰ ਰਾਮ ਨਾਰਾਇਣ ਤੋਂ ਵਾਰ-ਵਾਰ ਪੁੱਛਦੇ ਸੁਣਿਆ ਗਿਆ ਕੀ ਤੂੰ ਬੰਗਲਾਦੇਸ਼ੀ ਹੈਂ? ਰਾਮ ਨਾਰਾਇਣ ਬਿਹਤਰ ਕਮਾਈ ਦੀ ਤਲਾਸ਼ ਵਿੱਚ 13 ਦਸੰਬਰ ਨੂੰ ਹੀ ਕੇਰਲਾ ਪੁੱਜਾ ਸੀ ਅਤੇ ਉਸਾਰੀ ਮਜ਼ਦੂਰ ਦਾ ਕੰਮ ਕਰ ਰਿਹਾ ਸੀ। ਉਹ ਵਾਲਯਾਰ ਵਿੱਚ ਰਿਸ਼ਤੇਦਾਰ ਕੋਲ ਠਹਿਰਿਆ ਸੀ ਤੇ ਨਵਾਂ-ਨਵਾਂ ਹੋਣ ਕਰਕੇ ਰਾਹ ਭਟਕ ਕੇ ਕਿਸੇ ਹੋਰ ਪਿੰਡ ਪੁੱਜ ਗਿਆ।ਲੋਕਲ ਬਾਡੀਜ਼ ਮੰਤਰੀ ਐੱਮ ਬੀ ਰਾਜੇਸ਼ ਨੇ ਇਸ ਘਟਨਾ ਨੂੰ ਸੰਘ ਪਰਵਾਰ ਦੀ ਨਫਰਤੀ ਸਿਆਸਤ ਦਾ ਨਤੀਜਾ ਦੱਸਦਿਆਂ ਕਿਹਾ ਕਿ ਪਹਿਲਾਂ ਉਸ ਨੂੰ ਬੰਗਲਾਦੇਸ਼ੀ ਕਹਿ ਕੇ ਕਲੰਕਿਤ ਕੀਤਾ ਗਿਆ ਤੇ ਫਿਰ ਮਾਰ ਦਿੱਤਾ। ਫੜੇ ਗਏ ਲੋਕਾਂ ਵਿੱਚ ਸੰਘ ਦੇ ਕਾਰਕੁਨ ਸ਼ਾਮਲ ਹਨ, ਜਿਨ੍ਹਾਂ ’ਤੇ ਪਹਿਲਾਂ ਵੀ ਫੌਜਦਾਰੀ ਮਾਮਲੇ ਦਰਜ ਹਨ।

ਅਜਿਹੀਆਂ ਘਟਨਾਵਾਂ ਉਦੋਂ ਹੋ ਰਹੀਆਂ ਹਨ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਘੁਸਪੈਠੀਆਂ ਦਾ ਰਾਗ ਅਲਾਪ ਰਹੇ ਹਨ। ਵੋਟਰ ਸੂਚੀਆਂ ਦੀ ਡੂੰਘੀ ਸੁਧਾਈ (ਐੱਸ ਆਈ ਆਰ) ਦੇ ਨਾਂਅ ’ਤੇ ਗੈਰਕਾਨੂੰਨੀ ਘੁਸਪੈਠੀਏ ਵੋਟਰਾਂ ਦਾ ਪਤਾ ਲਾਉਣ ਦਾ ਰੌਲਾ ਪਾਇਆ ਜਾ ਰਿਹਾ ਹੈ।ਉਜ ਇਹ ਸਿਲਸਿਲਾ 2014 ਨੂੰ ਭਾਜਪਾ ਦੇ ਕੇਂਦਰ ਵਿੱਚ ਬਹੁਮਤ ਨਾਲ ਸੱਤਾ ’ਚ ਆਉਣ ਤੋਂ ਹੀ ਜਾਰੀ ਹੈ। ਪਿਛਲੇ 11 ਸਾਲਾਂ ਤੋਂ ਭੀੜ-ਤੰਤਰੀ ਹਿੰਸਾ ਦੀਆਂ ਅਜਿਹੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਬਹੁਲਤਾਵਾਦੀ ਦੇਸ਼ ਦੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੇ ਇਨ੍ਹਾਂ ਨੂੰ ਰੋਕਣ ਲਈ ਕਦੇ ਵੀ ਇਮਾਨਦਾਰਾਨਾ ਕੋਸ਼ਿਸ਼ ਨਹੀਂ ਕੀਤੀ। ਉਲਟਾ ਯੂ ਪੀ ਦੀ ਯੋਗੀ ਆਦਿਤਿਆਨਾਥ ਸਰਕਾਰ ਤਾਂ ਅਖ਼ਲਾਕ ਨੂੰ ਕੁੱਟ-ਕੁੱਟ ਕੇ ਮਾਰਨ ਵਾਲੇ ਅਖੌਤੀ ਗਊ-ਰੱਖਿਅਕਾਂ ਦੇ ਖਿਲਾਫ ਮੁਕੱਦਮਾ ਹੀ ਡਰਾਪ ਕਰਾਉਣ ਤੱਕ ਪੁੱਜ ਗਈ। ਭਾਜਪਾ ਦੀ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਇਹ ਯੋਜਨਾ ਹੈ।

ਭਾਜਪਾ ਸ਼ਾਸਤ ਮੱਧ ਪ੍ਰਦੇਸ਼ ਦੇ ਵੱਡੇ ਸ਼ਹਿਰ ਜਬਲਪੁਰ ਦੇ ਚਰਚ ’ਚ ਕ੍ਰਿਸਮਿਸ ਦੇ ਜਸ਼ਨ ਦੇ ਸਿਲਸਿਲੇ ’ਚ ਨੇਤਰਹੀਣ ਬੱਚਿਆਂ ਨੂੰ ਦਾਅਵਤ ਵੇਲੇ ਇੱਕ ਭਾਜਪਾ ਨੇਤਰੀ ਅੰਜੂ ਭਾਰਗਵ ਨੇ ਇੱਕ ਨੇਤਰਹੀਣ ਮਹਿਲਾ ਨੂੰ ਇਸ ਕਰਕੇ ਕੁੱਟ ਦਿੱਤਾ ਕਿ ਉਹ ਬੱਚਿਆਂ ਦਾ ਧਰਮ ਪਰਿਵਰਤਨ ਕਰਵਾ ਰਹੀ ਹੈ। ਪੁਲਸ ਵਾਲੇ ਚੁੱਪਚਾਪ ਦੇਖਦੇ ਰਹੇ ਤੇ ਅੰਜੂ ਭਾਗਰਵ ਹਮਲਾ ਕਰਕੇ ਆਰਾਮ ਨਾਲ ਨਿਕਲ ਗਈ। ਦਾਅਵਤ ਵਿੱਚ ਸ਼ਾਮਲ ਬੱਚਿਆਂ ਨੇ ਦੱਸਿਆ ਕਿ ਧਰਮ ਪਰਿਵਰਤਨ ਲਈ ਕੁਝ ਨਹੀਂ ਕਿਹਾ ਗਿਆ, ਉਨ੍ਹਾਂ ਨੂੰ ਸਿਰਫ ਭੋਜ ਦਿੱਤਾ ਗਿਆ ਸੀ। ਜਬਲਪੁਰ ਵਿੱਚ ਹੀ ਇੱਕ ਹੋਰ ਘਟਨਾ ’ਚ ਕੁਝ ਗੁੰਡੇ ਜੈ ਸ੍ਰੀਰਾਮ ਦੇ ਨਾਅਰੇ ਲਾਉਦੇ ਚਰਚ ਵਿੱਚ ਵੜ ਗਏ। ਉਹ ਵੀ ਦੋਸ਼ ਲਾ ਰਹੇ ਸਨ ਕਿ ਉੱਥੇ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਹੈ। ਦਿੱਲੀ ਦੇ ਲਾਜਪਤ ਨਗਰ ਵਿੱਚ ਸੜਕ ’ਤੇ ਸਾਂਤਾ ਦੀ ਟੋਪੀ ਪਾਏ ਬੱਚਿਆਂ ਤੇ ਮਹਿਲਾਵਾਂ ਨਾਲ ਬਜਰੰਗ ਦਲ ਦੇ ਗੁੰਡਿਆਂ ਨੇ ਇਹ ਕਹਿ ਕੇ ਬਦਤਮੀਜ਼ੀ ਕੀਤੀ ਕਿ ਉਹ ਧਰਮ ਪਰਿਵਰਤਨ ਕਰਾਉਣ ਲਈ ਸੜਕ ’ਤੇ ਚੱਕਰ ਲਾ ਰਹੇ ਹਨ। ਹਰਿਦੁਆਰ ਵਿੱਚ ਹਿੰਦੂ ਸੰਗਠਨਾਂ ਨੇ ਹੁਕਮ ਜਾਰੀ ਕੀਤਾ ਕਿ ਹੋਟਲ ਤੇ ਦੁਕਾਨਾਂ ਵਾਲੇ ਕ੍ਰਿਸਮਸ ’ਤੇ ਜਸ਼ਨ ਮਨਾਉਣ ਵਾਲੇ ਪ੍ਰੋਗਰਾਮ ਨਹੀਂ ਕਰ ਸਕਦੇ। ਇਕ ਹੋਟਲ ਨੇ ਪ੍ਰੋਗਰਾਮ ਰੱਦ ਕਰ ਦਿੱਤਾ ਤੇ ਕਿਹਾ ਕਿ ਉਸ ਦਿਨ ਗੰਗਾ ਆਰਤੀ ਕੀਤੀ ਜਾਵੇਗੀ। ਕੇਰਲਾ ਵਿੱਚ ਆਰ ਐੱਸ ਐੱਸ ਦੇ ਲੋਕ ਸਕੂਲਾਂ ’ਤੇ ਦਬਾਅ ਪਇਆ ਗਿਆ ਕਿ ਉਹ ਕ੍ਰਿਸਮਸ ਦੇ ਪ੍ਰੋਗਰਾਮ ਰੱਦ ਕਰ ਦੇਣ। ਓਡੀਸ਼ਾ ਵਿੱਚ ਇੱਕ ਸੜਕ ’ਤੇ ਸਾਂਤਾ ਦੀ ਡਰੈੱਸ ਵੇਚਣ ਵਾਲਿਆਂ ਨੂੰ ਧਮਕਾਇਆ ਗਿਆ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਬਕਾਇਦਾ ਬਿਆਨ ਜਾਰੀ ਕਰਕੇ ਹਿੰਦੂਆਂ ਨੂੰ ਕਿਹਾ ਹੈ ਕਿ ਉਹ ਕ੍ਰਿਸਮਿਸ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਨਾ ਹੋਣ।ਇਹ ਸਭ ਕੁਝ ਧਰਮ ਪਰਿਵਰਤਨ ਦੇ ਵਿਰੋਧ ਦੇ ਨਾਂਅ ’ਤੇ ਕੀਤਾ ਜਾ ਰਿਹਾ ਹੈ, ਜਿਸ ਦਾ ਕੋਈ ਸਬੂਤ ਨਹੀਂ ਹੈ। ਭਾਰਤ ਦੇ ਸੰਵਿਧਾਨ ਮੁਤਾਬਕ ਧਰਮ ਪ੍ਰਚਾਰ ਤੇ ਧਰਮ ਪਰਿਵਰਤਨ ਕੋਈ ਅਪਰਾਧ ਨਹੀਂ ਹੈ । ਵਿਡੰਬਨਾ ਇਹ ਹੈ ਕਿ ਅਜਿਹੇ ਮਾਮਲਿਆਂ ਵਿੱਚ ਹਿੰਸਾ ਦੇ ਸ਼ਿਕਾਰ ਈਸਾਈਆਂ ਨੂੰ ਹੀ ਗ੍ਰਿਫਤਾਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ’ਤੇ ਮੁਕੱਦਮਾ ਦਾਇਰ ਕੀਤਾ ਜਾਂਦਾ ਹੈ। ਲੱਗਭੱਗ ਸਾਰੇ ਰਾਜਾਂ ਵਿੱਚ ਈਸਾਈਆਂ ’ਤੇ ਕਿਸੇ ਨਾ ਕਿਸੇ ਤਰ੍ਹਾਂ ਦੀ ਹਿੰਸਾ ਦੀ ਖਬਰ ਆਉਦੀ ਰਹਿੰਦੀ ਹੈ, ਪਰ ਭਾਜਪਾ ਸ਼ਾਸਤ ਛੱਤੀਸਗੜ੍ਹ ਤਾਂ ਈਸਾਈਆਂ ਖਿਲਾਫ ਹਿੰਸਾ ਦਾ ਕੇਂਦਰ ਬਣ ਗਿਆ ਹੈ। ਭਾਰਤ ਵਿੱਚ ਘੱਟ ਗਿਣਤੀਆਂ ਜਿਨ੍ਹਾ ਵਿੱਚ ਮੁੱਖ ਸਿੱਕ ,ਮੁਸਲਮਾਨ ਈਸਾਈਆਂ,ਦਲਿਤਾਂ,ਆਦੀਵਾਸੀਆਂ ਖਿਲਾਫ ਮੁਹਿੰਮ ਪਿਛਲੇ ਕਈ ਸਾਲਾਂ ਤੋਂ ਤੇਜ਼ੀ ਨਾਲ ਚੱਲ ਰਹੀ ਹੈ।ਆਪਾਂ ਚੁੱਪ ਕਿਉ ਹਾਂ? ਅਦਾਲਤਾਂ ਖਾਮੋਸ਼ ਕਿਉ ਹਨ? ਸਿਆਸੀ ਦਲ ਕਿਉ ਚੁੱਪ ਹਨ? ਕੀ ਇਹ ਘੱਟ ਗਿਣਤੀਆਂ ਭਾਰਤ ਦੇ ਲੋਕ ਨਹੀਂ? ਕੀ ਉਹ ਇਨਸਾਨ ਨਹੀਂ?

# ਅਸਾਮ ਵਿੱਚ 10 ਲੱਖ ਤੋਂ ਵੱਧ ਵੋਟਰਾਂ ਦੇ ਨਾਮ ਹਟਾਏ

ਨਵੀਂ ਦਿੱਲੀ: ਅਸਾਮ ਵਿੱਚ ਵੋਟਰ ਸੂਚੀਆਂ ਦੀ ਇੱਕ ਵਿਸ਼ੇਸ਼ ਸੋਧ ਦੇ ਹਿੱਸੇ ਵਜੋਂ ਘਰ-ਘਰ ਜਾ ਕੇ ਤਸਦੀਕ ਕਰਨ ਤੋਂ ਬਾਅਦ, ਸ਼ਨੀਵਾਰ (27 ਦਸੰਬਰ, 2025) ਨੂੰ ਜਾਰੀ ਕੀਤੀ ਗਈ ਡਰਾਫਟ ਵੋਟਰ ਸੂਚੀ ਵਿੱਚੋਂ 10.56 ਲੱਖ ਵੋਟਰਾਂ ਦੇ ਨਾਮ ਹਟਾ ਦਿੱਤੇ ਗਏ।ਦ ਹਿੰਦੂ ਦੇ ਅਨੁਸਾਰ, ਹਟਾਏ ਗਏ ਵੋਟਰਾਂ ਵਿੱਚੋਂ ਲਗਭਗ 4.79 ਲੱਖ ਮ੍ਰਿਤਕ ਪਾਏ ਗਏ, 5.23 ਲੱਖ ਤੋਂ ਵੱਧ ਰਾਜ ਤੋਂ ਬਾਹਰ ਚਲੇ ਗਏ, ਅਤੇ 53,619 ਵੋਟਰਾਂ ਦੇ ਡੁਪਲੀਕੇਟ ਨਾਮ ਪਾਏ ਗਏ।ਚੋਣ ਕਮਿਸ਼ਨ ਨੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ ਪਹਿਲਾਂ ਹੀ ਪੂਰੀ ਕਰ ਲਈ ਹੈ, ਅਤੇ ਇਹ ਪ੍ਰਕਿਰਿਆ ਦੇਸ਼ ਭਰ ਦੇ 12 ਹੋਰ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਚੱਲ ਰਹੀ ਹੈ। ਹਾਲਾਂਕਿ, ਇਹਨਾਂ ਰਾਜਾਂ ਦੇ ਉਲਟ, ਅਸਾਮ ਇੱਕ ਸ਼੍ਰੀ ਨਹੀਂ ਕਰ ਰਿਹਾ ਹੈ, ਸਗੋਂ ਵੋਟਰ ਸੂਚੀਆਂ ਦੀ ਇੱਕ ਵੱਖਰੀ ਕਿਸਮ ਦੀ “ਵਿਸ਼ੇਸ਼ ਸੋਧ” ਕਰ ਰਿਹਾ ਹੈ।



TRUTH IS THE HIGHEST OF ALL THINGS: HIGHER STILL IS TRUTHFUL LIVING-GURU NANAK DEV JI

ਅਕਾਲੀ ਸਿੰਘ ਸਿੱਖ ਸੋਸਾਇਟੀ

AKALI SINGH SIKH SOCIETY

1890 SKEENA STREET, VANCOUVER, B.C., CANADA, V5M 4L3

www.akalisinghgurdwara.ca | Email - akalisinghsikhsociety@gmail.com



ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਚੋਹਾਂ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਉਣ ਹਿਤ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿਚ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਹੋ ਰਹੇ ਹਨ। ਇਸ ਸ਼ਹੀਦੀ ਜੋੜ ਮੇਲੇ ਤੇ ਸਾਰੀ ਸੇਵਾ ਭਾਈ ਕੁਲਦੀਪ ਸਿੰਘ ਤੇ ਬੀਬੀ ਸੁਰਿੰਦਰ ਕੌਰ ਦੇਹਲ ਵਲੋਂ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰਨ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਲਈ ਕੀਤੀ ਜਾ ਰਹੀ ਹੈ।

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ- 26 ਦਸੰਬਰ 2025, ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ- 28 ਦਸੰਬਰ 2025, ਦਿਨ ਐਤਵਾਰ ਸਵੇਰੇ 9:30 ਵਜੇ

ਭੋਗ ਉਪਰੰਤ ਗੁਰੂਘਰ ਦੇ ਕੀਰਤਨ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ।

28 ਦਸੰਬਰ, ਦਿਨ ਐਤਵਾਰ..........ਸਵੇਰ ਨੂੰ ਲੰਗਰ ਦੀ ਸੇਵਾ ਭਾਈ ਰਜਿੰਦਰ ਸਿੰਘ ਗਿੱਲ ਅਤੇ ਪਰਿਵਾਰ ਵਲੋਂ ਹੋਵੇਗੀ।

31 ਦਸੰਬਰ, ਦਿਨ ਬੁੱਧਵਾਰ...........ਸ਼ਾਮ ਨੂੰ ਨਵੇਂ ਸਾਲ ਦੀ ਆਮਦ ਦੀ ਖੁਸ਼ੀ ਵਿਚ 7:00 ਤੋਂ ਰਾਤ 12:00 ਵਜੇ ਤੱਕ ਦੀਵਾਨ ਸਜਣਗੇ।

3,4,5 ਜਨਵਰੀ 2026 ਨੂੰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾਵੇਗਾ।

3 ਜਨਵਰੀ, ਦਿਨ ਸ਼ਨਿੱਚਰਵਾਰ.......ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਸਖਵਿੰਦਰ ਸਿੰਘ ਦਿਉ ਅਤੇ ਪਰਿਵਾਰ ਵਲੋਂ ਹੋਵੇਗੀ।

3 ਜਨਵਰੀ, ਦਿਨ ਸ਼ਨਿੱਚਰਵਾਰ.......ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿੱਚ ਲੰਗਰ ਦੀ ਸੇਵਾ ਭਾਈ ਸਤਵੰਤ ਸਿੰਘ ਬਾਠ ਅਤੇ ਪਰਿਵਾਰ ਵਲੋਂ ਹੋਵੇਗੀ।

4 ਜਨਵਰੀ, ਦਿਨ ਐਤਵਾਰ...........ਸਵੇਰੇ 8:00 ਤੋਂ ਦੁਪਹਿਰ 12:00 ਵਜੇ ਤੱਕ ਦੀਵਾਨ ਸਜਣਗੇ।

9,10,11 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਮੱਲ੍ਹੀ ਪਰਿਵਾਰ ਵਲੋਂ ਹੋਵੇਗੀ।

10 ਜਨਵਰੀ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਸੁਖਰਾਜ ਸਿੰਘ ਗਿੱਲ ਅਤੇ ਪਰਿਵਾਰ ਵਲੋਂ ਹੋਵੇਗੀ।

11 ਜਨਵਰੀ, ਦਿਨ ਐਤਵਾਰ.........ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਇਮਰੋਕ ਸਿੰਘ ਤੇ ਪਰਿਵਾਰ ਵਲੋਂ ਹੋਵੇਗੀ।

11 ਜਨਵਰੀ, ਦਿਨ ਐਤਵਾਰ.........ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਸ਼ਰਧਾਲੂ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 8:00 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਰਾਗੀ ਜਥਾ: ਭਾਈ ਦਿਨੇਸ਼ ਸਿੰਘ ਲਖਨਾਊ ਵਾਲੇ, ਭਾਈ ਪ੍ਰਵੀਨ ਸਿੰਘ ਪਾਉਂਟਾ ਸਾਹਿਬ ਵਾਲੇ ਕੀਰਤਨ ਕਰਦੇ ਹਨ।

ਹੋਰ ਜਾਣਕਾਰੀ ਲਈ ਤੁਸੀ ਹੇਠ ਲਿਖੇ ਫੋਨ ਨੰਬਰਾਂ ’ਤੇ ਕਾਲ ਕਰ ਸਕਦੇ ਹੋ।

ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਕੀ ਭਾਰਤ ਪਾਕਿ ਫੇਰ ਜੰਗ ਕਰਨਗੇ?

## ਭਾਰਤ ਵੱਲੋਂ ਚਿਨਾਬ ਨਦੀ ‘ਤੇ ਨਵੇਂ ਪ੍ਰੋਜੈਕਟ ਤੇ ਪਾਕਿਸਤਾਨ ਨੇ ਜਿਤਾਇਆ ਇਤਰਾਜ਼

ਇਸਲਾਮਾਬਾਦ: ਭਾਰਤ ਵੱਲੋਂ ਜੰਮੂ-ਕਸ਼ਮੀਰ ਵਿੱਚ ਚਿਨਾਬ ਨਦੀ ‘ਤੇ ਇੱਕ ਨਵੇਂ ਜਲ-ਬਿਜਲੀ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੇ ਜਾਣ ਤੋਂ ਬਾਅਦ ਪਾਕਿਸਤਾਨ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਪਾਕਿਸਤਾਨ ਪੀਪਲਜ਼ ਪਾਰਟੀ ਦੀ ਸੰਸਦ ਮੈਂਬਰ ਸ਼ੈਰੀ ਰਹਿਮਾਨ ਨੇ ਦੋਸ਼ ਲਾਇਆ ਹੈ ਕਿ ਭਾਰਤ ਪਾਣੀ ਨੂੰ ਇੱਕ ਹਥਿਆਰ ਵਜੋਂ ਵਰਤ ਰਿਹਾ ਹੈ, ਜੋ ਕਿ ਦੋਵਾਂ ਦੇਸ਼ਾਂ ਦੇ ਪਹਿਲਾਂ ਤੋਂ ਹੀ ਖਰਾਬ ਸਬੰਧਾਂ ਵਿੱਚ ਤਣਾਅ ਅਤੇ ਅਵਿਸ਼ਵਾਸ ਨੂੰ ਹੋਰ ਵਧਾਏਗਾ।

ਭਾਰਤ ਦੇ ਵਾਤਾਵਰਣ ਮੰਤਰਾਲੇ ਦੀ ਇੱਕ ਮਾਹਰ ਕਮੇਟੀ ਨੇ ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਵਿੱਚ ਚਿਨਾਬ ਨਦੀ ‘ਤੇ 260 ਮੈਗਾਵਾਟ ਦੇ ‘ਦੁਲਹਸਤੀ ਤੀਜਾ-ਪੜਾਅ’ ਪ੍ਰੋਜੈਕਟ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਪ੍ਰੋਜੈਕਟ ਦੀ ਅਨੁਮਾਨਿਤ ਲਾਗਤ 3,200 ਕਰੋੜ ਰੁਪਏ ਤੋਂ ਵੱਧ ਦੱਸੀ ਜਾ ਰਹੀ ਹੈ।

ਇਹ ਮਨਜ਼ੂਰੀ ਅਜਿਹੇ ਸਮੇਂ ਆਈ ਹੈ ਜਦੋਂ ਭਾਰਤ ਨੇ ਇਸ ਸਾਲ ਅਪ੍ਰੈਲ ‘ਚ ਪਹਿਲਗਾਮ ‘ਚ ਹੋਏ ਹਮਲੇ ਤੋਂ ਬਾਅਦ ਪਾਕਿਸਤਾਨ ਨਾਲ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰ ਦਿੱਤਾ ਹੈ। ਰਿਪੋਰਟਾਂ ਅਨੁਸਾਰ, ਇਹ ਸੰਧੀ 23 ਅਪ੍ਰੈਲ 2025 ਤੋਂ ਮੁਅੱਤਲ ਹੈ।ਸ਼ੈਰੀ ਰਹਿਮਾਨ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ‘ਤੇ ਲਿਖਿਆ ਕਿ ਇਹ ਕਦਮ ਅੰਤਰਰਾਸ਼ਟਰੀ ਜਲ ਸੁਰੱਖਿਆ ਸਮਝੌਤੇ ਦੀ ਸਪੱਸ਼ਟ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਜਲਵਾਯੂ ਤਬਦੀਲੀ ਅਤੇ ਵਾਤਾਵਰਣ ਦੇ ਦਬਾਅ ਹੇਠ ਆਏ ਇਸ ਖੇਤਰ ਵਿੱਚ ਪਾਣੀ ਦਾ ਇਸ ਤਰ੍ਹਾਂ ਹਥਿਆਰ ਵਜੋਂ ਇਸਤੇਮਾਲ ਕਰਨਾ ਨਾ ਤਾਂ ਸਮਝਦਾਰੀ ਹੈ ਅਤੇ ਨਾ ਹੀ ਸਵੀਕਾਰਯੋਗ।ਲੋਕਾਂ ਵਿੱਚ ਚਰਚਾ ਹੈ ਕਿ ਭਾਰਤ ਵੱਲੋਂ ਪਾਕਿ ਨਾਲ ਫੇਰ ਜੰਗ ਲਈ ਮਹੌਲ ਤਿਆਰ ਕੀਤਾ ਜਾ ਰਿਹਾ ਹੈ




# ਉੱਤਰ-ਪੂਰਬ ਵੱਲ ਧਿਆਨ ਦੇਣ ਦੀ ਲੋੜ

## ਭਾਰਤ ਨੂੰ ਚਾਰੇ ਪਾਸੇ ਤੋਂ ਘੇਰ ਰਹੇ ਹਨ ਗੁਆਂਢੀ ਮੁਲਕ

ਦਿੱਲੀ:-ਸਾਬਕਾ ਰਾਜਪਾਲ, ਮਨੀਪੁਰ ਅਤੇ ਸਾਬਕਾ ਡੀ ਜੀ ਪੀ, ਜੰਮੂ ਤੇ ਕਸ਼ਮੀਰ ਗੁਰਬਚਨ ਜਗਤ ਨੇ ਇੱਕ ਲੇਖ ਲਿਖਿਆ ਕਿ ਭਾਰਤ ਨੂੰ ਉੱਤਰ ਪੂਰਬ ਦੇ ਸੂਬਿਆਂ ਬਾਰੇ ਗਹਿਰੀ ਚਿੰਤਾ ਕਰਨ ਦੀ ਲੋੜ ਹੈ।ਜੇਕਰ ਇਸ ਨੂੰ ਸਮਾਂ ਰਹਿੰਦਿਆਂ ਠੱਲ੍ਹ ਨਾ ਪਾਈ ਗਈ ਤਾਂ ਅੰਤ ਇਹ ਇਸ ਖਿੱਤੇ ਵਿੱਚ ਵੱਡੀ ਅਸਥਿਰਤਾ ਦਾ ਕਾਰਨ ਬਣ ਜਾਵੇਗੀ।

ਉੱਤਰੀ ਅਤੇ ਉੱਤਰ-ਪੱਛਮੀ ਪਾਸੇ ਕੰਟਰੋਲ ਰੇਖਾ ਤੋਂ ਪਾਰ ਪਾਕਿਸਤਾਨ ਅਤੇ ਲੱਦਾਖ ਵੱਲੋਂ ਚੀਨ ਚੁਣੌਤੀ ਬਣਿਆ ਹੋਇਆ ਹੈ।ਪਹਿਲਾਂ ਮਿੱਤਰ ਦੇਸ਼ ਰਿਹਾ ਬੰਗਲਾਦੇਸ਼ ਹੁਣ ਤਲਖ਼ ਦੁਸ਼ਮਣ ਹੈ। ਬੰਗਲਾਦੇਸ਼ ਸਰਕਾਰ ਦੇ ਸੀਨੀਅਰ ਮੰਤਰੀ ਭਾਰਤ ਅੰਦਰ ਬਗ਼ਾਵਤ ਭੜਕਾ ਅਤੇ ਚੀਨ ਦੀ ਮਦਦ ਲੈ ਕੇ ਉੱਤਰ-ਪੂਰਬੀ ਸੂਬਿਆਂ ਨੂੰ ਅਲੱਗ-ਥਲੱਗ ਕਰਨ ਦੀ ਲੋੜ ਬਾਰੇ ਲਗਾਤਾਰ ਬਿਆਨ ਦਿੰਦੇ ਰਹੇ ਹਨ। ਚੀਨ ਦੀ ਗੁਪਤ ਹਮਾਇਤ ਨਾਲ ਪਾਕਿਸਤਾਨ ਇਸ ਦਾ ਸਮਰਥਨ ਕਰਦਿਆਂ ਉਨ੍ਹਾਂ ਨੂੰ ਮਨੁੱਖੀ ਸਰੋਤ, ਉਪਕਰਨ ਅਤੇ ਨੈਤਿਕ ਬਲ ਮੁਹੱਈਆ ਕਰਵਾ ਰਿਹਾ ਹੈ। ਪਾਕਿਸਤਾਨ ਦੇ ਫੀਲਡ ਮਾਰਸ਼ਲ ਆਸਿਮ ਮੁਨੀਰ ਨੂੰ ਭਾਰਤ ਪ੍ਰਤੀ ਵੈਰ ਵਿਰੋਧ ਅਤੇ ਕਸ਼ਮੀਰ ਪ੍ਰਤੀ ਆਪਣੀਆਂ ਇੱਛਾਵਾਂ ਜ਼ਾਹਰ ਕਰਨ ਵਿੱਚ ਕੋਈ ਝਿਜਕ ਨਹੀਂ।ਚੀਨ ਦਾ ਦਬਦਬਾ ਇੱਕ ਖ਼ਤਰਾ ਹੈ ਜੋ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਪੈਂਟਾਗਨ ਦੀਆਂ ਰਿਪੋਰਟਾਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਤਾਇਵਾਨ ਵਾਂਗ ਅਰੁਣਾਚਲ ਪ੍ਰਦੇਸ਼ ਵੀ ਚੀਨ ਲਈ ਵਿਸ਼ੇਸ਼ ਦਿਲਚਸਪੀ ਵਾਲਾ ਖੇਤਰ ਹੈ।ਇਸੇ ਦੌਰਾਨ ਕਈ ‘ਉਲਫਾ’ ਤੱਤਾਂ ਦੇ ਚੀਨ ਤੋਂ ਲੈ ਕੇ ਬੰਗਲਾਦੇਸ਼ ਵਿੱਚ ਟਿਕਾਣੇ ਸਥਾਪਤ ਕਰਨ ਅਤੇ ਹੋਰ ਅਜਿਹੀਆਂ ਤਾਕਤਾਂ ਨਾਲ ਮਿਲ ਕੇ ਕੰਮ ਕਰਨ ਦੀਆਂ ਖ਼ਬਰਾਂ ਹਨ। ਇਹ ਤੱਤ ਪੱਛਮੀ ਬੰਗਾਲ, ਆਸਾਮ, ਮਿਜ਼ੋਰਮ, ਮਨੀਪੁਰ ਅਤੇ ਤ੍ਰਿਪੁਰਾ ਵਿੱਚ ਉਥਲ-ਪੁਥਲ ਪੈਦਾ ਕਰ ਸਕਣ ਵਾਲੀਆਂ ਮੁਹਿੰਮਾਂ ਨੂੰ ਵੀ ਹਵਾ ਦੇਣਗੇ। ਸਾਡੇ ਸੂਬਿਆਂ ਵਿੱਚ ਪਹਿਲਾਂ ਹੀ ਅੰਦਰੂਨੀ ਸਮੱਸਿਆਵਾਂ ਹਨ, ਜੋ ਹਾਲ ਹੀ ਦੇ ਸਾਲਾਂ ਵਿੱਚ ਵਧ ਗਈਆਂ ਹਨ।ਪਾਕਿਸਤਾਨ, ਬੰਗਲਾਦੇਸ਼, ਚੀਨ ਅਤੇ ਮਿਆਂਮਾਰ ਦੀ ਹਮਾਇਤ ਨਾਲ ਅੰਦਰੂਨੀ ਬਗ਼ਾਵਤਾਂ ਦੇ ਮੁੜ ਉੱਭਰਨ ਦੀ ਸੰਭਾਵਨਾ ਇਸ ਸਮੱਸਿਆ ਨੂੰ ਹੋਰ ਵੀ ਵਧਾ ਰਹੀ ਹੈ। ਪਾਕਿਸਤਾਨ, ਬੰਗਲਾਦੇਸ਼, ਮਿਆਂਮਾਰ ਅਤੇ ਚੀਨ ਦੀ ਆਪਸੀ ਸਾਂਝ ਇੱਕ ਹਕੀਕਤ ਹੈ, ਕੋਰੀ ਕਲਪਨਾ ਨਹੀਂ। ਜੇਕਰ ਇਸ ਨਾਲ ਨਾ ਸਿੱਝਿਆ ਗਿਆ ਤਾਂ ਇਹ ਬਾਗ਼ੀ ਤੱਤਾਂ ਨਾਲ ਜੁੜ ਜਾਵੇਗੀ ਅਤੇ ਹਾਲਾਤ ਵਿਗੜ ਜਾਣਗੇ। ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਅੱਜ ਅਮਰੀਕਾ ਆਪਣੇ ਹਿੱਤਾਂ ਨੂੰ ਵਾਰਾ ਖਾਂਦੀ ਰਣਨੀਤੀ ਅਪਣਾ ਰਿਹਾ ਹੈ। ਅਮਰੀਕੀਆਂ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਸਾਡੇ ਦੇਸ਼ ਦੇ ਹਿੱਤ ਅਮਰੀਕਾ ਦੇ ਹਿੱਤਾਂ ਨਾਲ ਮੇਲ ਖਾਂਦੇ ਹਨ ਜਾਂ ਨਹੀਂ। ਹੁਣ ਕਾਰਵਾਈ ਕਰਨ ਦਾ ਸਮਾਂ ਹੈ। ਕੀ ਅਸੀਂ ਚੁਣੌਤੀ ਨੂੰ ਪਛਾਣਨ ਅਤੇ ਦਲੇਰੀ ਨਾਲ ਇਸ ਦਾ ਸਾਹਮਣਾ ਕਰਨ ਲਈ ਤਿਆਰ ਹਾਂ? ਜਿਵੇਂ ਸ਼ੈਕਸਪੀਅਰ ਨੇ ਲਿਖਿਆ ਸੀ, ‘‘ਮਨੁੱਖੀ ਮਾਮਲਿਆਂ ਵਿੱਚ ਇੱਕ ਲਹਿਰ ਆਉਂਦੀ ਹੈ, ਜੇਕਰ ਉਹ ਸਹੀ ਸਮੇਂ ’ਤੇ ਪਛਾਣੀ ਜਾਵੇ ਤਾਂ ਕਿਸਮਤ ਬਦਲ ਦਿੰਦੀ ਹੈ...।




ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

THE CARPLAZA
CAR ACCESSORIES
All Types Of Car Accessories & Installation Available
ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ




*Seat Covers *Matts
*Woofers & Ambient Lights
*Android Car Player Available



Especially For Uber & Lyft Camera
778-977-0032, 778-713-6949
#5-12357-82A Ave, Surrey, BC

# ‘ਹਉ ਆਪਹੁ ਬੋਲਿ ਨ ਜਾਣਦਾ’




ਸਰੀ( ਪੰਧੇਰ ਗੁਰਸੇਵ ਸਿੰਘ) 14 ਦਸੰਬਰ 2025 ਦਿਨ ਐਤਵਾਰ ਨੂੰ ਗਰੈਂਡ ਤਾਜ਼ ਬੈਂਕਿਊਟ ਹਾਲ ਸਰੀ ਵਿੱਖੇ ਇੱਕ ਵੱਡੇ ਸਮਾਗਮ ਵਿੱਚ ਡਾ.ਪੂਰਨ ਸਿੰਘ ਜੀ ਦੀ ਕਿਤਾਬ ਰਲੀਜ਼ ਕੀਤੀ ਗਈ। “ਹਉ ਆਪਹੁ ਬੋਲਿ ਨ ਜਾਣਦਾ” ਨਾਮ ਇਸ ਕਿਤਾਬ ਉੱਪਰ ਪੂਰਾ ਢੁੱਕਦਾ ਹੈ ਕਿਉਂਕਿ ਜੋ ਕੁਝ ਡਾ. ਪੂਰਨ ਸਿੰਘ ਨੇ ਲਿਖਿਆ ਉਹ ਆਮ ਦੁਨਿਆਵੀ ਮਨੁੱਖ ਲਿਖਣ ਤੋਂ ਕੰਨੀ ਕਤਰਾ ਜਾਂਦਾ ਹੈ।ਇਹ ਸੋਚ ਲੈਂਦਾ ਹੈ ਕਿ ਚਲੋ ਛੱਡੋ ਸਮਾਂ ਲੰਘ ਗਿਆ ਕਿਉਂ ਪੰਗਾ ਲੈਣਾਂ ਲੈਣਾ ਹੈ? ਪਰ ਜਿਸ ਬੇਬਾਕੀ ਨਾਲ ਡਾ.ਪੂਰਨ ਸਿੰਘ ਨੇ ਲਿਖਿਆ ਉਸ ਬਾਰੇ ਵਾਕਿਆ ਹੀ ਡਾ.ਪੂਰਨ ਸਿੰਘ ਨੂੰ ਦਾਦ ਦੇਣੀਂ ਬਣਦੀ ਹੈ।

ਅਸਲ ਵਿੱਚ ਇਹ ਕਿਤਾਬ ਡਾ.ਪੂਰਨ ਸਿੰਘ ਹੋਰਾਂ ਦੀ ਸਵੈ ਜੀਵਨੀ ਹੈ ਜਿਸ ਵਿੱਚ ਉਨ੍ਹਾ ਨੇ ਆਪਣੇ ਪ੍ਰੀਵਾਰ ਬਾਰੇ ਬਹੁਤ ਹੀ ਖੁਲ੍ਹ ਕੇ ਲਿਖਿਆ, ਕੋਈ ਲਕੋ ਨਹੀਂ ਰੱਖਿਆ।ਪ੍ਰੀਵਾਰ ਪਿਛੋਕੜ ਦਾ ਵੇਰਵਾ ਦੇਣਾ ਬੜੇ ਹੌਸਲੇ ਵਾਲੀ ਗੱਲ ਹੁੰਦੀ ਹੈ। ਕਿਵੇਂ ਬਚਪਨ ਤੋਂ ਲੈ ਕੇ ਤੰਗੀਆਂ ਤੁਰਸ਼ੀਆਂ ਵਿੱਚ ਪੜ੍ਹਾਈ ਕੀਤੀ ਤੇ ਕਾਲਜ਼ ਵਿੱਚ ਅਧਿਆਪਕ ਬਣੇਂ।ਕੈਨੇਡਾ ਵਿੱਚ ਵੀ ਯੂਨੀਵਰਸਿਟੀ ਵਿੱਚ ਸਨਮਾਨਯੋਗ ਰੁਤਬੇ ਤੇ ਕੰਮ ਕੀਤਾ।ਪੰਥਕ ਰਸਾਲੇ ‘ਸਿੱਖ ਸਮਾਚਾਰ’ ਅਤੇ ‘ਵੈਸਰਟਨ ਸਿੱਖ ਸਮਾਚਾਰ’ ਦੇ ਐਡੀਟਰ ਦੇ ਅਹੁੱਦੇ ਤੱਕ ਪਹੁੰਚੇ।ਉਸਤੋਂ ਬਾਅਦ ਕਿਵੇਂ ਸਿੱਖ ਸੰਸ਼ਥਾਵਾਂ ਵਿਚਲੇ ਕੁਝ ਲੋਕਾਂ ਨੇ ਇਨਾ ਹੀ ਰਸਾਲਿਆਂ ਦਾ ਭੋਗ ਪਾਇਆ? ਕਿਤਾਬ ਵਿੱਚ ਉਨਾ ਲਿਖਿਆ ਕਿ ‘84 ਤੋਂ ਬਾਅਦ ਸ਼ਾਜਿਸ਼ ਤਹਿਤ ਸਿੱਖ ਕੌਮ ਨੂੰ ਗੁੰਮਰਾਹ ਕਰਨ ਲਈ ਕਈ ਲੋਕ ਵਿਦੇਸ਼ਾਂ ਵਿੱਚ ਆਏ।ਉਨਾ ਵਿੱਚੋਂ ‘ਨਾਗਰੇ’ ਨਾਮੀ ਵਿਆਕਤੀ ਬਾਰੇ ਮੈ ਸੰਪਾਦਕੀ ਵਿੱਚ ਜਾਣਕਾਰੀ ਦਿੱਤੀ ਸੀ ਇਸੇ ਨਾਗਰੇ ਨੇ ਵੀ ‘ਵੈਸਟਰਨ ਸਿੱਖ ਸਮਾਚਾਰ’ ਨੂੰ ਬੰਦ ਕਰਵਾਉਂਣ ਵਿੱਚ ਸ਼ਾਜਿਸ਼ੀ ਰੋਲ ਨਿਭਾਇਆ।

ਸਿੱਖੀ ਜੀਵਨ ਨਾਲ ਜੁੜੇ ਰਹਿਣਾ ਅਤੇ ਪੰਥਕ ਸੋਚ ਤੇ ਪਹਿਰਾ ਦੇਣਾ ਬਹੁਤ ਹੀ ਜਿਗਰੇ ਵਾਲਾ ਕੰਮ ਹੈ ਪਰ ਡਾ.ਪੂਰਨ ਸਿੰਘ ਦੀ ਕਿਤਾਬ ਪੜ੍ਹਕੇ ਬਾਖੂਬੀ ਪਤਾ ਚੱਲਦਾ ਹੈ ਬਹੁਤ ਔਖੇ ਸਮੇਂ ਵੀ ਉਹ ਸਿੱਖੀ ਸਿਧਾਂਤਾ ਨਾਲ ਜੁੜੇ ਰਹੇ।

ਇਹ ਕਿਤਾਬ ਇੱਕ ਇਤਿਹਾਸਕ ਦਸਤਾਵੇਜ਼ ਵੀ ਹੈ, ਜੋ ਵੀ ਕਰਮ ਕਾਂਡ ਸਿੱਖੀ ਦੇ ਨਾਂ ‘ਤੇ ਸਾਡੇ ਘਰਾਂ ਵਿੱਚ ਵਾੜੇ ਗਏ ਡਾ. ਪੂਰਨ ਸਿੰਘ ਨੇ ਉਨ੍ਹਾਂ ਦਾ ਡੱਟ ਕੇ ਵਿਰੋਧ ਕੀਤਾ।ਜੋ ਉਨ੍ਹਾਂ ਨੇ ਪੰਜਾਬ ਤੋਂ ਲੈ ਕੇ ਕੈਨੇਡਾ ਤੱਕ ਦੇਖਿਆ ਤੇ ਆਪਣੇ ਪਿੰਡੇ ਤੇ ਹੰਢਾਇਆ ਉਹ ਬੇਬਾਕੀ ਨਾਲ ਲਿਖਿਆ ਹੈ।

ਵੈਨਕੂਵਰ ਵਿੱਚ ਪੰਥਕ ਸੰਸਥਾਵਾਂ ਦੀ ਸਥਾਪਤੀ ਵਿੱਚ ਸਿੱਖ ਕੌਮ ਦੇ ਯੋਗਦਾਨ ਬਾਰੇ ਪਰਤਾਂ ਖੋਲੀਆਂ ਹਨ।ਖਾਲਸਾ ਸਕੂ਼ਲ ਅਤੇ ਖਾਲਸਾ ਕਰੈਡਿਟ ਯੂਨੀਅਨ ਦੀ ਸ਼ੁਰੂਆਤ ਕਿਵੇਂ ਹੋਈ? ਕਿਹੜੇ ਕਿਹੜੇ ਗੁਰਸਿੱਖਾਂ ਦਾ ਇਨਾ ਸੰਸਥਾਵਾ ਨੂੰ ਕਾਮਯਾਬ ਕਰਨ ਵਿੱਚ ਯੋਗਦਾਨ ਸੀ? ਉਸਤੋਂ ਬਾਅਦ ਇਨਾ ਸੰਸਥਾਵਾ ਉੱਪਰ ਇੱਕ ਪ੍ਰੀਵਾਰ ਦਾ ਕਬਜ਼ਾ ਕਿਸ ਤਰ੍ਹਾਂ ਹੋਇਆ? ਉਸ ਬਾਰੇ ਬਹੁਤ ਹੀ ਵਿਸਥਾਰ ਪੂਰਬਕ ਲਿਖਿਆ ਗਿਆ ਹੈ।ਇਨਾ ਸੰਸਥਾਵਾ ਵਿੱਚ ਪੰਥਕ ਸੋਚਣੀਂ ਦੇ ਅਧਿਆਪਕ ਅਤੇ ਸਹਿਯੋਗੀ ਸਮੇਂ ਸਮੇਂ ਸ਼ਾਜਿਸ਼ੀ ਢੰਗਾਂ ਨਾਲ ਕਿਵੇਂ ਦੂਰ ਕੀਤੇ ਗਏ? ਅਗਾਂਹ ਨੂੰ ਕਿਵੇਂ ਪੰਥਕ ਸੰਸਥਾਵਾਂ ਬਚਾਉਂਣੀਆਂ ਹਨ ਬਾਰੇ ਭਲੀ ਭਾਂਤ ਗਿਆਤ ਹੋ ਜਾਂਦਾ ਹੈ।ਗੁਰਦਵਾਰਿਆਂ ਵਿੱਚ ਇਲਾਕਾਬਾਜ਼ੀਆ,ਨੰਗੇ ਸਿਰ ਜਾਣ ਦੀ ਪਰਤ ਕਦੋਂ ਸ਼ੁਰੂ ਹੋਈ, ਲੰਗਰ ਕੁਰਸੀਆਂ ਮੇਜਾਂ ਤੇ ਛੱਕਿਆ ਜਾਵੇ ਜਾਂ ਥੱਲੇ ਬੈਠ ਕੇ, ਗੁਰਵਾਰਿਆਂ ਦੇ ਪ੍ਰਬੰਧਾਂ ਬਾਰੇ ਉਨ੍ਹਾਂ ਨੇ ਆਪਣੇ ਨਿੱਜ਼ੀ ਤਜਰਬੇ ਬਹੁਤ ਵਧੀਆ ਲਫਜ਼ਾਂ ਨਾਲ ਲਿਖੇ ਹਨ।

ਵਿਦੇਸ਼ਾਂ ਵਿੱਚ ਸਿੱਖਾਂ ਵਿੱਚ ਗੁਰਮਤਿ ਸਬੰਧੀ ਅਗਿਆਨਤਾ,ਅਤੇ ਬ੍ਰਿਟਿਸ਼ ਕੁਲੰਬੀਆਂ ਵਿੱਚ ਅੰਮ੍ਰਿਤ ਸੰਚਾਰ ਕਿਵੇਂ ਸ਼ੁਰੂ ਹੋਇਆ? ਇਹ ਇਤਿਹਾਸਕ ਗੱਲਾਂ ਹਨ ਜੋ ਸਾਨੂੰ ਜਰੂਰ ਪਤਾ ਹੋਣੀਆਂ ਚਾਹੀਦੀਆਂ।ਇਨ੍ਹਾ ਬਾਰੇ ਡਾ.ਪੂਰਨ ਸਿੰਘ ਜੀ ਨੇ ‘ਹਉ ਆਪਹੁ ਬੋਲਿ ਨਾ ਜਣਦਾ’ ਨਾਮੀ ਆਪਣੀ ਪੁਸਤਕ ਵਿੱਚ ਵਿਸਥਾਰ ਪੂਰਵਕ ਚਾਨਣਾ ਪਾਇਆ ਹੈ।ਉਨ੍ਹਾਂ ਦੀ ਇਹ ਕਿਤਾਬ ਕੈਨੇਡੀਅਨ ਸਿੱਖ ਸਟੱਡੀ ‘ਤੇ ਟੀਚਿੰਗ ਸੁਸਾਇਟੀ ਦੇ ਸਟਾਲਾਂ ਤੇ ਉਪਲਬਧ ਹੈ।ਭਾਵੇ ਇਸ ਪੁਸਤਕ ਵਿੱਚ ਉਨ੍ਹਾਂ ਦੇ ਵਿਚਾਰ ਅਤੇ ਤਜ਼ਰਬਿਆਂ ਨਾਲ ਸਹਿਮਤ ਨਾ ਵੀ ਹੋਈਏ ਪਰ ਫੇਰ ਵੀ ਪੰਜਾਬੀ ਸਾਹਿਤ ਅਤੇ ਇਤਿਹਾਸ ਨਾਲ ਪਿਆਰ ਰੱਖਣ ਵਾਲੇ ਪਾਠਕਾਂ ਲਈ ਇਹ ਪੁਸਤਕ ਬਹੁਤ ਲਾਹੇ ਬੰਦ ਹੈ ਅਤੇ ਪੜ੍ਹਨ ਯੋਗ ਹੈ।

# ਬੰਗਲਾਦੇਸ਼ ‘ਚ ਹਿੰਦੂ ਦਾ ਕਤਲ ਹੋਣ ‘ਤੇ ਰੋਹ ਅਤੇ ਰੋਸ ਹੈ, ਉਸੇ ਤਰ੍ਹਾਂ ਦੇਸ਼/ਵਿਦੇਸ਼ ‘ਚ ਸਿੱਖਾਂ ਨੂੰ ਮਾਰਨ ਵਿਰੁੱਧ ਵੀ ਸਿੱਖ ਕੌਮ ‘ਚ ਵੀ ਵੱਡਾ ਰੋਹ ਤੇ ਰੋਸ ਹੈ:ਮਾਨ

ਪਟਿਆਲਾ, (ਕੁਲਦੀਪ ਸਿੰਘ ਸ਼ੁਤਰਾਣਾ)-ਜਦੋਂ ਕੋਈ ਸਟੇਟ ਜਾਂ ਏਜੰਸੀ ਵੱਲੋਂ ਕਿਸੇ ਇਕ ਫਿਰਕੇ ਨੂੰ ਨਿਸ਼ਾਨਾਂ ਬਣਾਕੇ ਜ਼ਬਰ ਤੇ ਕਤਲੇਆਮ ਕੀਤਾ ਜਾਂਦਾ ਹੈ ਤਾਂ ਅਜਿਹੀ ਦੋਸ਼ਪੂਰਨ ਪ੍ਰਣਾਲੀ ਜਾਂ ਪ੍ਰਬੰਧ ਵਿਰੁੱਧ ਰੋਹ ਤੇ ਬਗਾਵਤ ਉੱਠਣੀ ਕੁਦਰਤੀ ਹੈ। ਬੰਗਲਾਦੇਸ਼ ਵਿਚ ਇਕ ਹਿੰਦੂ ਨੂੰ ਮਾਰ ਦੇਣ ਵਿਰੁੱਧ ਬੀਜੇਪੀ-ਆਰ.ਐਸ.ਐਸ, ਬਜਰੰਗ ਦਲ ਤੇ ਹੋਰ ਹਿੰਦੂ ਸੰਗਠਨਾਂ ਵੱਲੋਂ ਇੰਡੀਆ ਸਥਿਤ ਬੰਗਲਾਦੇਸ਼ ਦੇ ਸਫਾਰਤਖਾਨੇ ਨੂੰ ਘੇਰਿਆ ਜਾਣਾ ਅਣਮਨੁੱਖੀ ਅਮਲ ਵਿਰੁੱਧ ਹੀ ਰੋਹ ਹੈ। ਇਹ ਵਿਚਾਰ ਪ੍ਰਗਟ ਕਰਦੇ ਹੋਏ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰਗਟ ਕਰਦੇ ਨੇ ਕਿਹਾ ਕਿ ਮੋਦੀ ਹਕੂਮਤ ਦੀ ਚੰਡਾਲ ਚੌਕੜੀ ਵੱਲੋਂ ਵੀ ਇਸੇ ਤਰ੍ਹਾਂ ਦੇਸ਼/ਵਿਦੇਸ਼ ‘ਚ ਸਿੱਖਾਂ ਨੂੰ ਮਾਰਨ ਵਿਰੁੱਧ ਸਮੁੱਚੀ ਸਿੱਖ ਕੌਮ ਨੂੰ ਵੱਡਾ ਦੁੱਖ ਵੀ ਹੈ ਅਤੇ ਰੋਹ ਵੀ, ਜਿਸ ਲਈ ਸਿੱਧੇ ਤੌਰ ‘ਤੇ ਮੋਦੀ ਹਕੂਮਤ ਦੇਸ਼/ਵਿਦੇਸ਼ ‘ਚ ਸਿੱਖਾਂ ਦੇ ਕਤਲਾਂ ਲਈ ਜਿੰਮੇਵਾਰ ਹੈ।ਉਨ੍ਹਾਂ ਕਿਹਾ ਕਿ ਹੋ ਰਹੇ ਇਸ ਦੁੱਖਦਾਇਕ ਵਰਤਾਰੇ ਨੂੰ ਇੰਡੀਅਨ ਫ਼ੌਜ ਵੀ ਜੇਕਰ ਆਪਣੇ ਫਰਜ ਪੂਰੇ ਨਹੀਂ ਕਰਦੀ, ਤਾਂ ਇਹ ਫ਼ੌਜ ਫਿਰ ਦੁਸ਼ਮਣਾਂ ਨਾਲ ਕਿਵੇਂ ਲੜ ਸਕੇਗੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਪਬਲਿਕ ਆਰਡਰ ਨੂੰ ਤਬਾਹ ਕਰ ਦੇਵੇਗੀ, ਤਾਂ ਫ਼ੌਜ ਵਿਚ ਵੀ ਬਗਾਵਤ ਵੱਧਣ ਤੋਂ ਕੋਈ ਨਹੀਂ ਰੋਕ ਸਕੇਗਾ।

ਅਜਿਹੇ ਹਾਲਾਤਾਂ ‘ਚ ਤਾਂ ਸਮੁੱਚਾ ਪ੍ਰਸਾਸਨਿਕ ਅਤੇ ਫੌਜੀ ਪ੍ਰਬੰਧ ਤਹਿਸ-ਨਹਿਸ ਹੋ ਕੇ ਰਹਿ ਜਾਵੇਗਾ, ਉਥੇ ਸਮਾਜਿਕ ਮਾਹੌਲ ਵੀ ਪ੍ਰਭਾਵਿਤ ਹੋਵੇਗਾ। ਇਸ ਦੇ ਨਤੀਜੇ ਕਤਈ ਵੀ ਲਾਹੇਵੰਦ ਨਹੀਂ ਨਿਕਲ ਸਕਦੇ।ਸ. ਮਾਨ ਨੇ ਜਦੋਂ ਵੀ ਹਕੂਮਤ ਕਿਸੇ ਇਕ ਫਿਰਕੇ ਨੂੰ ਨਿਸ਼ਾਨਾਂ ਬਣਾਕੇ ਗੈਰ-ਕਾਨੂੰਨੀ ਤਰੀਕੇ ਕਤਲੇਆਮ ਕਰੇ, ਤਾਂ ਫ਼ੌਜ ਨੂੰ ਫੌਰੀ ਬੈਰਕਾਂ ‘ਚ ਬਾਹਰ ਨਿਕਲਕੇ ਆਪਣੇ ਫਰਜਾਂ ਦੀ ਪੂਰਤੀ ਕਰਨੀ ਚਾਹੀਦੀ ਹੈ ਅਤੇ ਤਦ ਹੀ ਇੰਡੀਆ ‘ਚ ਅਮਨ ਚੈਨ ਤੇ ਜਮਹੂਰੀਅਤ ਕਾਇਮ ਰਹਿ ਸਕੇਗੀ, ਵਰਨਾ ਨਹੀ।

# ਇੱਕ ਹੋਰ ਕਰੋੜਪਤੀ ਭਾਰਤੀ ਕਾਰੋਬਾਰੀ ਨੇ ਦੇਸ਼ ਛੱਡ ਵਿਦੇਸ਼ ਸੈਟਲ ਹੋਣ ਦਾ ਲਿਆ ਫ਼ੈਸਲਾ, ਕੀ ਰਹੀ ਮਜਬੂਰੀ?

ਦਿੱਲੀ:-ਭਾਰਤੀ ਕਾਰੋਬਾਰੀਆਂ ਦੇ ਭਾਰਤ ਛੱਡ ਕੇ ਜਾਣ ਦਾ ਸਿਲਸਿਲਾ ਜਾਰੀ ਹੈ।ਹੁਣ ਬੰਗਲੁਰੂ ਦੇ ਇੱਕ ਕਾਰੋਬਾਰੀ ਰੋਹਿਤ ਸ਼ਰਾਫ ਨੇ ਐਲਾਨ ਕਰ ਦਿੱਤਾ ਹੈ ਕਿ ਉਹ 2026 ਵਿੱਚ ਭਾਰਤ ਛੱਡ ਦੇਵੇਗਾ। ਕਿਉਂਕਿ ਉਹ ਭਾਰਤ ਦੇ ਟੈਕਸ ਸਿਸਟਮ ਤੋਂ ਬਹੁਤ ਪ੍ਰੇਸ਼ਾਨ ਹੈ। ਉਹ ਕਹਿੰਦੇ ਹਨ ਕਿ ਇਮਾਨਦਾਰੀ ਨਾਲ ਟੈਕਸ ਅਦਾ ਕਰਨ ਵਾਲਿਆਂ ਨੂੰ ਵੀ ਵਾਰ-ਵਾਰ ਜਾਂਚ ਅਤੇ ਸਖ਼ਤ ਨਿਗਰਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਰੋਹਿਤ ਨੇ ਸੋਸ਼ਲ ਮੀਡੀਆ ‘ਤੇ ਲਿਖਿਆ ਕਿ ਪਿਛਲੇ 12 ਤੋਂ 18 ਮਹੀਨਿਆਂ ਵਿੱਚ, ਉਸਨੇ ਸਰਕਾਰ ਨੂੰ ਲਗਭਗ 4 ਕਰੋੜ ਰੁਪਏ ਦਾ ਟੈਕਸ ਅਦਾ ਕੀਤਾ ਹੈ, ਜਿਸ ਵਿੱਚ ਜੀ ਐਸਟੀ ਅਤੇ ਆਮਦਨ ਟੈਕਸ ਸ਼ਾਮਲ ਹੈ। ਇਸ ਦੇ ਬਾਵਜੂਦ, ਉਸਨੂੰ ਲੱਗਦਾ ਹੈ ਕਿ ਸਰਕਾਰ ਕਾਰੋਬਾਰਾਂ ‘ਤੇ ਭਰੋਸਾ ਨਹੀਂ ਕਰਦੀ।ਅਫਲਾਗ ਗਰੁੱਪ ਦੇ ਸੰਸਥਾਪਕ ਰੋਹਿਤ ਸ਼ਰਾਫ ਨੇ ਇੱਕ ਲਿੰਕਡਇਨ ਪੋਸਟ ਵਿੱਚ ਲਿਖਿਆ ਕਿ ਭਾਰਤ ਵਿੱਚ ਕਾਰੋਬਾਰ ਕਰਨ ਦੀ ਪ੍ਰਣਾਲੀ “ਨੁਕਸਦਾਰ” ਹੈ, ਅਤੇ ਇਸ ਕਾਰਨ, ਉਸਨੇ 2026 ਤੱਕ ਭਾਰਤ ਛੱਡ ਕੇ ਵਿਦੇਸ਼ਾਂ ਵਿੱਚ ਕਾਰੋਬਾਰ ਕਰਨ ਦੀ ਸਹੁੰ ਖਾਧੀ ਹੈ। ਉਸਨੇ ਲਿਖਿਆ, ਭਾਰਤ ਵਿੱਚ, ਆਬਾਦੀ ਦਾ ਇੱਕ ਛੋਟਾ ਪ੍ਰਤੀਸ਼ਤ (5% ਤੋਂ ਘੱਟ) ਟੈਕਸ ਅਦਾ ਕਰਦਾ ਹੈ। ਫਿਰ ਵੀ, ਬਦਕਿਸਮਤੀ ਨਾਲ, ਸਿਸਟਮ ਵਾਰ-ਵਾਰ ਇਸ ਛੋਟੇ ਜਿਹੇ ਹਿੱਸੇ ਨੂੰ ਨਿਸ਼ਾਨਾ ਬਣਾਉਂਦਾ ਹੈ, ਜੋ ਪਹਿਲਾਂ ਹੀ ਨਿਯਮਾਂ ਦੀ ਪਾਲਣਾ ਕਰ ਰਿਹਾ ਹੈ।


Injured in an accident?
ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.



Mandeep Randhawa,
*B.Sc., L.L.B (UBC)*

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

TRIAL LAWYERS
MANDEEP RANDHAWA LAW CORPORATION

T 604 449 7500

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

# ਭਾਰਤ:2025 ਵਿੱਚ 14,800 ਤੋਂ ਵੱਧ ਵਾਰ ਪ੍ਰਗਟਾਵੇ ਦੀ ਆਜ਼ਾਦੀ ਤੇ ਪਾਬੰਦੀ, 117 ਗ੍ਰਿਫਤਾਰੀਆਂ, ਅੱਠ ਪੱਤਰਕਾਰਾਂ ਦੀ ਹੱਤਿਆ

ਨਵੀਂ ਦਿੱਲੀ: ਭਾਰਤ ਵਿੱਚ 2025 ਵਿੱਚ ਪ੍ਰਗਟਾਵੇ ਦੀ ਆਜ਼ਾਦੀ ਤੇ 14,875 ਵਾਰ ਪਾਬੰਧੀ ਲਾਈ ਗਈ, ਜਿਸ ਵਿੱਚ ਅੱਠ ਪੱਤਰਕਾਰਾਂ ਅਤੇ ਇੱਕ ਸੋਸ਼ਲ ਮੀਡੀਆ ਪ੍ਰਭਾਵਕ ਦੀ ਹੱਤਿਆ ਸ਼ਾਮਲ ਹੈ।

ਇਹ ਜਾਣਕਾਰੀ ਮੰਗਲਵਾਰ (23 ਦਸੰਬਰ) ਨੂੰ ਫ੍ਰੀ ਸਪੀਚ ਕਲੈਕਟਿਵ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਪ੍ਰਦਾਨ ਕੀਤੀ ਗਈ ਸੀ।ਪ੍ਰਗਟਾਵੇ ਦੀ ਆਜ਼ਾਦੀ ਦੀ ਨਿਗਰਾਨੀ ਕਰਨ ਵਾਲੀ ਸੰਸਥਾ ਨੇ ਇਸ ਸਮੇਂ ਦੌਰਾਨ ਸੈਂਸਰਸ਼ਿਪ, ਅਦਾਲਤ ਦੁਆਰਾ ਲਗਾਈਆਂ ਗਈਆਂ ਪਾਬੰਦੀਆਂ, ਅਕਾਦਮਿਕ ਖੁਦਮੁਖਤਿਆਰੀ 'ਤੇ ਨਿਯੰਤਰਣ, ਫਿਲਮ ਸੈਂਸਰਸ਼ਿਪ, ਨੀਤੀਗਤ ਪਾਬੰਦੀਆਂ ਅਤੇ ਕਾਰਪੋਰੇਟ ਦਖਲਅੰਦਾਜ਼ੀ ਵਰਗੀਆਂ ਘਟਨਾਵਾਂ ਦਾ ਦਸਤਾਵੇਜ਼ੀਕਰਨ ਕੀਤਾ।

ਰਿਪੋਰਟ ਦੇ ਅਨੁਸਾਰ, ਇਸ ਸਾਲ ਪ੍ਰਗਟਾਵੇ ਦੀ ਆਜ਼ਾਦੀ ਦੇ ਮਾਮਲਿਆਂ ਵਿੱਚ 117 ਗ੍ਰਿਫਤਾਰੀਆਂ ਵੀ ਦਰਜ ਕੀਤੀਆਂ ਗਈਆਂ, ਜਿਸ ਵਿੱਚ ਅੱਠ ਪੱਤਰਕਾਰਾਂ ਦੀ ਗ੍ਰਿਫਤਾਰੀ ਵੀ ਸ਼ਾਮਲ ਹੈ।

ਫ੍ਰੀ ਸਪੀਚ ਕਲੈਕਟਿਵ ਨੇ ਕਿਹਾ ਕਿ ਪ੍ਰਗਟਾਵੇ ਦੀ ਆਜ਼ਾਦੀ ਨਾਲ ਸਬੰਧਤ 40 ਹਮਲਿਆਂ ਵਿੱਚੋਂ 33 ਪੱਤਰਕਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਪਰੇਸ਼ਾਨੀ ਦੇ 19 ਮਾਮਲਿਆਂ ਵਿੱਚੋਂ 14 ਪੱਤਰਕਾਰ ਸ਼ਾਮਲ ਸਨ। ਪੱਤਰਕਾਰਾਂ ਦੇ ਕੰਮ ਦੌਰਾਨ ਉਨ੍ਹਾਂ ਦੇ ਵਿਰੁੱਧ ਧਮਕੀਆਂ ਦੇ ਬਾਰਾਂ ਮਾਮਲੇ ਵੀ ਰਿਪੋਰਟ ਕੀਤੇ ਗਏ।

ਸਾਲ ਦੌਰਾਨ ਅੱਠ ਪੱਤਰਕਾਰਾਂ ਦੀ ਹੱਤਿਆ ਕੀਤੀ ਗਈ - ਦੋ ਉੱਤਰ ਪ੍ਰਦੇਸ਼ ਵਿੱਚ ਅਤੇ ਇੱਕ ਅੰਡੇਮਾਨ ਅਤੇ ਨਿਕੋਬਾਰ ਟਾਪੂ, ਛੱਤੀਸਗੜ੍ਹ, ਹਰਿਆਣਾ, ਕਰਨਾਟਕ, ਓਡੀਸ਼ਾ ਅਤੇ ਉੱਤਰਾਖੰਡ ਵਿੱਚ। ਪੰਜਾਬ ਵਿੱਚ ਵੀ ਇੱਕ ਸੋਸ਼ਲ ਮੀਡੀਆ ਪ੍ਰਭਾਵਕ ਦੀ ਹੱਤਿਆ ਕੀਤੀ ਗਈ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੋ ਪੱਤਰਕਾਰ - ਕਸ਼ਮੀਰ ਤੋਂ ਇਰਫਾਨ ਮਹਿਰਾਜ ਅਤੇ ਝਾਰਖੰਡ ਤੋਂ ਰੂਪੇਸ਼ ਕੁਮਾਰ - ਇਸ ਸਾਲ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਅਫਅ) ਦੇ ਤਹਿਤ ਨਜ਼ਰਬੰਦ ਰਹੇ। ਮਹਿਰਾਜ ਮਾਰਚ 2023 ਤੋਂ ਅਤੇ ਕੁਮਾਰ ਜੁਲਾਈ 2022 ਤੋਂ ਜੇਲ੍ਹ ਵਿੱਚ ਹਨ।

ਗੁਜਰਾਤ ਵਿੱਚ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਦੀਆਂ ਸਭ ਤੋਂ ਵੱਧ 108 ਘਟਨਾਵਾਂ ਦਰਜ ਕੀਤੀਆਂ ਗਈਆਂ, ਇਸ ਤੋਂ ਬਾਅਦ ਉੱਤਰ ਪ੍ਰਦੇਸ਼ 83 ਅਤੇ ਕੇਰਲ 78।ਰਿਪੋਰਟ ਦੇ ਅਨੁਸਾਰ, ਇਸ ਸਾਲ ਸੈਂਸਰਸ਼ਿਪ ਦੀਆਂ 11,385 ਘਟਨਾਵਾਂ ਅਤੇ "ਲਾਅਫੇਅਰ" ਦੇ 208 ਮਾਮਲੇ ਦਰਜ ਕੀਤੇ ਗਏ - ਲਾਅਫੇਅਰ ਵਿਰੋਧੀਆਂ ਨੂੰ ਪਰੇਸ਼ਾਨ ਕਰਨ ਲਈ ਕਾਨੂੰਨੀ ਕਾਰਵਾਈ ਦੀ ਵਰਤੋਂ ਦਾ ਹਵਾਲਾ ਦਿੰਦਾ ਹੈ।

ਸੈਂਸਰਸ਼ਿਪ ਡੇਟਾ ਵਿੱਚ ਕੇਂਦਰ ਸਰਕਾਰ ਦੁਆਰਾ ਸੋਸ਼ਲ ਮੀਡੀਆ ਪਲੇਟਫਾਰਮ ਯ 'ਤੇ ਵੱਡੀ ਗਿਣਤੀ ਵਿੱਚ ਖਾਤਿਆਂ ਨੂੰ ਹਟਾਉਣ ਲਈ ਜਾਰੀ ਕੀਤੇ ਗਏ ਆਦੇਸ਼ ਵੀ ਸ਼ਾਮਲ ਹਨ। ਮਈ ਵਿੱਚ, ਸਰਕਾਰ ਨੇ ਪਲੇਟਫਾਰਮ 'ਤੇ 8,000 ਤੋਂ ਵੱਧ ਖਾਤਿਆਂ 'ਤੇ ਪਾਬੰਦੀ ਲਗਾਉਣ ਦੀ ਬੇਨਤੀ ਕੀਤੀ, ਜੋ ਕਿ ਇੱਕ ਮਹੀਨੇ ਵਿੱਚ ਸਭ ਤੋਂ ਵੱਧ ਸੰਖਿਆ ਹੈ।ਰਿਪੋਰਟ ਵਿੱਚ 2025 ਵਿੱਚ ਇੰਟਰਨੈੱਟ ਕੰਟਰੋਲ ਦੀਆਂ 3,070 ਘਟਨਾਵਾਂ ਵੀ ਦਰਜ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਇੰਟਰਨੈੱਟ ਬੰਦ ਅਤੇ ਮੋਬਾਈਲ ਐਪ ਬਲਾਕਿੰਗ ਸ਼ਾਮਲ ਹੈ।ਸੰਗਠਨ ਨੇ ਕਿਹਾ ਕਿ ਇਸ ਸਾਲ ਸਿੱਖਿਆ ਖੇਤਰ ਵਿੱਚ "ਗੰਭੀਰ ਸੈਂਸਰਸ਼ਿਪ" ਦੇ ਘੱਟੋ-ਘੱਟ 16 ਮਾਮਲੇ ਸਾਹਮਣੇ ਆਏ ਹਨ। ਰਿਪੋਰਟ ਵਿੱਚ ਸੈਂਸਰਸ਼ਿਪ ਲਈ ਇੱਕ ਸਾਧਨ ਵਜੋਂ ਫਿਲਮ ਪ੍ਰਮਾਣੀਕਰਣ ਦੀ "ਅਣ-ਚੁਣਿਆ" ਵਰਤੋਂ 'ਤੇ ਵੀ ਚਿੰਤਾ ਪ੍ਰਗਟ ਕੀਤੀ ਗਈ ਹੈ।

ਇਸ ਉਦਾਹਰਣ ਦਾ ਹਵਾਲਾ ਦਿੰਦੇ ਹੋਏ, ਰਿਪੋਰਟ ਵਿੱਚ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵੱਲੋਂ ਕੇਰਲਾ ਅੰਤਰਰਾਸ਼ਟਰੀ ਫਿਲਮ ਫੈਸਟੀਵਲ ਵਿੱਚ 19 ਫਿਲਮਾਂ ਨੂੰ ਪ੍ਰਦਰਸ਼ਿਤ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰਨ ਦਾ ਹਵਾਲਾ ਦਿੱਤਾ ਗਿਆ ਹੈ।ਰਿਪੋਰਟ ਵਿੱਚ 2023 ਦੇ ਡਿਜੀਟਲ ਨਿੱਜੀ ਡੇਟਾ ਸੁਰੱਖਿਆ ਐਕਟ ਅਤੇ ਨਵੰਬਰ ਵਿੱਚ ਸੂਚਿਤ ਕੀਤੇ ਗਏ ਇਸਦੇ ਨਿਯਮਾਂ ਬਾਰੇ ਵੀ ਚਿੰਤਾ ਪ੍ਰਗਟ ਕੀਤੀ ਗਈ ਹੈ, ਇਹ ਕਹਿੰਦੇ ਹੋਏ ਕਿ ਇਹ ਪੱਤਰਕਾਰੀ ਨੂੰ ਖ਼ਤਰਾ ਪੈਦਾ ਕਰ ਸਕਦਾ ਹੈ ਅਤੇ ਸੂਚਨਾ ਅਧਿਕਾਰ ਕਾਨੂੰਨ ਨੂੰ ਕਮਜ਼ੋਰ ਕਰਕੇ ਭਾਰਤ ਦੇ ਪਾਰਦਰਸ਼ਤਾ ਸ਼ਾਸਨ ਨੂੰ ਕਮਜ਼ੋਰ ਕਰ ਸਕਦਾ ਹੈ।

## ਬਜਰੰਗ ਦਲੀਆਂ ਨੇ ਕੀਤਾ ਕਸ਼ਮੀਰੀ ਨੌਜਵਾਨ ਤੇ ਹਮਲਾ

ਸ੍ਰੀਨਗਰ: ਇਸ ਹਫ਼ਤੇ ਉਤਰਾਖੰਡ ਵਿੱਚ ਇੱਕ ਕਸ਼ਮੀਰੀ ਸ਼ਾਲ ਵਿਕਰੇਤਾ 'ਤੇ ਹੋਏ ਬੇਰਹਿਮੀ ਭਰੇ ਹਮਲੇ ਦੇ ਸਬੰਧ ਵਿੱਚ ਇੱਕ ਬਜਰੰਗ ਦਲ ਕਾਰਕੁਨ ਅਤੇ ਉਸਦੇ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਘਟਨਾ ਨੇ ਜੰਮੂ-ਕਸ਼ਮੀਰ ਵਿੱਚ ਵਿਆਪਕ ਰੋਸ ਪੈਦਾ ਕਰ ਦਿੱਤਾ ਹੈ।ਪਿਛਲੇ ਪੰਦਰਵਾੜੇ ਵਿੱਚ ਇਹ ਦੂਜੀ ਘਟਨਾ ਹੈ ਜਿੱਥੇ ਇੱਕ ਕਸ਼ਮੀਰੀ ਸ਼ਾਲ ਵਿਕਰੇਤਾ ਨੂੰ ਹਿੰਦੂ ਸੱਜੇ-ਪੱਖੀ ਕਾਰਕੁਨਾਂ ਦੁਆਰਾ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਪਰੇਸ਼ਾਨ ਕੀਤਾ ਗਿਆ ਹੈ। ਇਹ ਘਟਨਾ ਦਿੱਲੀ ਵਿੱਚ ਹੋਏ ਆਤਮਘਾਤੀ ਬੰਬ ਧਮਾਕੇ ਦੇ ਪਿਛੋਕੜ ਵਿੱਚ ਆਈ ਹੈ, ਜਿਸ ਕਾਰਨ ਦੇਸ਼ ਦੇ ਹੋਰ ਹਿੱਸਿਆਂ ਵਿੱਚ ਕਸ਼ਮੀਰੀਆਂ 'ਤੇ ਨਿਸ਼ਾਨਾ ਬਣਾ ਕੇ ਹਮਲਿਆਂ ਦਾ ਦੌਰ ਸ਼ੁਰੂ ਹੋ ਗਿਆ ਹੈ।ਉਤਰਾਖੰਡ ਦੇ ਊਧਮ ਸਿੰਘ ਨਗਰ ਜ਼ਿਲ੍ਹੇ ਦੇ ਸੀਨੀਅਰ ਪੁਲਿਸ ਸੁਪਰਡੈਂਟ (ਐਸਐਸਪੀ) ਮਣੀਕਾਂਤ ਮਿਸ਼ਰਾ ਨੇ ਕਿਹਾ ਕਿ ਇਹ ਘਟਨਾ ਸੋਮਵਾਰ (22 ਦਸੰਬਰ) ਨੂੰ ਕਾਸ਼ੀਪੁਰ ਥਾਣਾ ਖੇਤਰ ਵਿੱਚ ਵਾਪਰੀ।ਮਿਸ਼ਰਾ ਦੇ ਅਨੁਸਾਰ, 24 ਦਸੰਬਰ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਗਈ ਇੱਕ ਵੀਡੀਓ ਵਾਇਰਲ ਹੋਈ ਸੀ, ਜਿਸ ਵਿੱਚ ਕਾਸ਼ੀਪੁਰ ਦੇ ਕੁਝ ਸਥਾਨਕ ਲੋਕ ਕਸ਼ਮੀਰ ਦੇ ਇੱਕ ਸ਼ਾਲ ਵਿਕਰੇਤਾ 'ਤੇ ਹਮਲਾ ਕਰਦੇ ਅਤੇ ਧਮਕੀ ਦਿੰਦੇ ਦਿਖਾਈ ਦੇ ਰਹੇ ਸਨ।ਪੀੜਤ ਦੀ ਪਛਾਣ ਬਿਲਾਲ ਅਹਿਮਦ ਗਨੀ ਵਜੋਂ ਹੋਈ ਹੈ, ਜੋ ਕਿ ਉੱਤਰੀ ਕਸ਼ਮੀਰ ਦੇ ਕੁਪਵਾੜਾ ਜ਼ਿਲ੍ਹੇ ਦਾ ਰਹਿਣ ਵਾਲਾ ਹੈ। ਮਿਸ਼ਰਾ ਨੇ ਕਿਹਾ ਕਿ ਬਿਲਾਲ ਇਲਾਕੇ ਦਾ ਇੱਕ ਜਾਣਿਆ-ਪਛਾਣਿਆ ਵਿਅਕਤੀ ਸੀ, ਜੋ ਪਿਛਲੇ ਨੌਂ ਸਾਲਾਂ ਤੋਂ ਕਾਸ਼ੀਪੁਰ ਵਿੱਚ ਕਸ਼ਮੀਰੀ ਸ਼ਾਲ ਵੇਚ ਰਿਹਾ ਸੀ।

## ਸਿੱਖ ਕੌਮ ਨੇ ਰਾਜ ਕਰੇਗਾ ਖ਼ਾਲਸਾ ਸੰਕਲਪ ਹਰ ਹੀਲੇ ਸਾਕਾਰ ਕਰਨਾ ਹੈ ...

ਪੰਜਾਬ ਅਤੇ ਭਾਰਤ 'ਚ ਵਾਪਰਦੀਆਂ ਘਟਨਾਵਾਂ ਹਰ ਰੋਜ ਸਿੱਖਾਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾਉਂਦੀਆਂ ਨੇ।ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਹੁੰਦੀਆਂ ਨੇ, ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ, ਪੰਜਾਬ ਦੇ ਦਰਿਆਈ ਪਾਣੀ ਲੁੱਟੇ ਜਾਂਦੇ ਨੇ, ਸਿੱਖਾਂ ਦੇ ਕਕਾਰਾਂ ਅਤੇ ਪੰਜਾਬੀ ਬੋਲੀ 'ਤੇ ਪਾਬੰਦੀ ਲੱਗਦੀ ਏ, ਸਿੱਖਾਂ ਨੂੰ ਬੇਵਜ੍ਹਾ ਗ਼ੈਰ-ਕਾਨੂੰਨੀ ਹਿਰਾਸਤਾਂ ਕੱਟਣੀਆਂ ਪੈਂਦੀਆਂ ਨੇ, ਨਸ਼ਿਆਂ ਰਾਹੀਂ ਨੌਜਵਾਨਾਂ ਨੂੰ ਮਾਰਿਆ ਜਾਂਦਾ ਏ, ਕਿਸਾਨ ਸੜਕਾਂ 'ਤੇ ਰੁਲਦਾ ਏ, ਪੰਥ ਅਤੇ ਪੰਜਾਬ ਦੀ ਆਵਾਜ਼ ਨੂੰ ਦਬਾਇਆ ਜਾਂਦਾ ਹੈ ਤਾਂ ਆਪ ਮੁਹਾਰੇ ਹੀ ਆਪਣੇ ਸਿੱਖ ਰਾਜ ਖ਼ਾਲਿਸਤਾਨ ਦੀ ਲੋੜ ਮਹਿਸੂਸ ਹੁੰਦੀ ਹੈ। ਫਿਰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਬੋਲ ਵਾਰ-ਵਾਰ ਚੇਤੇ ਆਉਂਦੇ ਨੇ ਤੇ ਮਸਲਿਆਂ ਦਾ ਇੱਕੋ-ਇੱਕ ਹੱਲ 'ਅਜ਼ਾਦੀ' ਹੀ ਨਜ਼ਰ ਆਉਂਦਾ ਹੈ। ਸੰਤਾਂ ਨੇ ਪਹਿਲਾਂ ਖ਼ੁਦ ਗ਼ੁਲਾਮੀ ਨੂੰ ਮਹਿਸੂਸ ਕੀਤਾ ਤੇ ਫਿਰ ਵਾਰ-ਵਾਰ ਸਿੱਖਾਂ ਨੂੰ ਗ਼ੁਲਾਮੀ ਦਾ ਅਹਿਸਾਸ ਅਤੇ ਚੇਤਾ ਕਰਵਾਇਆ ਤੇ ਅਜ਼ਾਦੀ ਦਾ ਪਾਠ ਪੜ੍ਹਾਇਆ। ਸੰਤ ਜੀ ਕਿਹਾ ਕਰਦੇ ਸਨ ਕਿ "1947 'ਚ ਅਸੀਂ ਟੋਪੀ ਤੇ ਜਨੇਊ ਨੂੰ ਅਜ਼ਾਦ ਕਰਾਇਆ ਸੀ, ਹੁਣ ਅਸੀਂ ਆਪਣੀ ਪੱਗ ਅਜ਼ਾਦ ਕਰਾਉਣੀ ਆ।", "ਹੁਣ ਸਿਰ ਜਿੰਨੇ ਮਰਜ਼ੀ ਲਾਉਣੇ ਪੈਣ, ਅਜ਼ਾਦ ਜ਼ਰੂਰ ਹੋਣਾ ਹੈ।", "ਹਰ ਇੱਕ ਮਾਈ, ਭਾਈ, ਬੱਚੇ, ਨੌਜੁਆਨ ਤੇ ਬਜ਼ੁਰਗ ਨੂੰ ਇਹ ਅਹਿਸਾਸ ਕਰਾਉਣਾ ਚਾਹੀਦਾ ਹੈ ਕਿ ਆਪਾਂ ਹਿੰਦੁਸਤਾਨ 'ਚ ਗ਼ੁਲਾਮ ਹਾਂ।", "ਸਿੱਖ ਭਾਰਤ 'ਚ ਗ਼ੁਲਾਮ ਹਨ, ਅਸੀਂ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣੀਆਂ ਹਨ।"ਸੰਤ ਭਿੰਡਰਾਂਵਾਲੇ ਸਿੱਖਾਂ ਦੀ ਅਜ਼ਾਦੀ ਦੇ ਮਹਾਂਨਾਇਕ ਹਨ, ਉਹਨਾਂ ਦੀ ਤਸਵੀਰ ਹੋਵੇ ਜਾਂ ਤਕਰੀਰ ਸਿੱਖਾਂ ਨੂੰ ਅਜ਼ਾਦੀ ਵੱਲ ਲਿਜਾਂਦੀ ਹੈ ਤੇ ਪੰਥਕ ਫ਼ਰਜ਼ ਅਦਾ ਕਰਨ ਲਈ ਪ੍ਰੇਰਦੀ ਹੈ। ਉਹ ਆਪ ਨਹੀਂ ਵਿਕੇ, ਤਾਂ ਹੀ ਤਸਵੀਰਾਂ ਵਿਕਦੀ ਹੈ। ਸਿੱਖਾਂ ਅਤੇ ਸਰਕਾਰਾਂ ਦੋਵਾਂ ਨੂੰ ਅਹਿਸਾਸ ਹੈ ਕਿ ਸੰਤ ਭਿੰਡਰਾਂਵਾਲੇ ਹੀ ਖ਼ਾਲਿਸਤਾਨ, ਅਤੇ ਖ਼ਾਲਿਸਤਾਨ ਹੀ ਸੰਤ ਭਿੰਡਰਾਂਵਾਲੇ ਹਨ ਭਾਵ ਦੋਵੇਂ ਇੱਕ-ਦੂਜੇ ਨਾਲ ਸੰਬੰਧਤ ' ਤੇ ਪੂਰਕ ਹਨ। ਸੰਤ ਭਿੰਡਰਾਂਵਾਲਿਆਂ ਦੇ ਅਣਖ਼ੀਲੇ ਬੋਲਾਂ ਅਤੇ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਤੇ ਸਿੱਖਾਂ ਨਾਲ ਹੋਏ ਜ਼ੁਲਮਾਂ ਕਰਕੇ ਖ਼ਾਲਿਸਤਾਨ ਦੇ ਸੰਘਰਸ਼ ਨੂੰ ਬਲ ਮਿਲਿਆ। ਪੰਜਾਬ, ਭਾਰਤ ਅਤੇ ਵਿਦੇਸ਼ਾਂ 'ਚ ਖ਼ਾਲਿਸਤਾਨ ਦੀ ਗੱਲ ਹੁਣ ਅਕਸਰ ਚੱਲਦੀ ਰਹਿੰਦੀ ਹੈ। ਹੁਣ ਸਿੱਖਾਂ ਨੂੰ ਖਾਲਿਸਤਾਨ ਤੋਂ ਕੋਈ ਮੋੜਾ ਨਹੀਂ ਪਾ ਸਕਦਾ, ਸਿੱਖ ਅਤੇ ਖ਼ਾਲਿਸਤਾਨ ਇੱਕ ਹੋ ਚੁੱਕੇ ਹਨ। ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਤੋਂ ਬਾਅਦ ਪੂਰੀ ਦੁਨੀਆਂ 'ਚ ਸਿੱਖਾਂ ਦੀ ਅਜ਼ਾਦੀ 'ਖ਼ਾਲਿਸਤਾਨ' ਦੇ ਚਰਚੇ ਹੋਏ। ਭਾਰਤ ਦੰਗ ਰਹਿ ਗਿਆ ਤੇ ਖ਼ਾਲਿਸਤਾਨ ਅੰਤਰ-ਰਾਸ਼ਟਰੀ ਮੁੱਦਾ ਬਣ ਗਿਆ। ਇਹ ਗੁਰੂ ਦੀ ਰਹਿਮਤ ਅਤੇ ਸ਼ਹੀਦਾਂ ਦੇ ਡੁੱਲੇ ਖ਼ੂਨ ਦੀ ਤਾਕਤ ਹੈ। ਸਿੱਖਾਂ ਨੇ 'ਰਾਜ ਕਰੇਗਾ ਖ਼ਾਲਸਾ' ਦੇ ਸੰਕਲਪ ਨੂੰ ਹਰ ਹੀਲੇ ਸਾਕਾਰ ਕਰਨਾ ਹੈ। ਗੁਰਬਾਣੀ 'ਚ ਆਏ ਸ਼ਬਦ 'ਹਲੇਮੀ ਰਾਜ' ਅਤੇ 'ਬੇਗਮਪੁਰਾ' ਨੇ ਖਾਲਿਸਤਾਨ 'ਚ ਹੀ ਵਰਤਣਾ ਹੈ। ਦੁਨੀਆਂ ਨੇ ਦੁਬਾਰਾ ਫਿਰ ਬਾਬਾ ਬੰਦਾ ਸਿੰਘ ਬਹਾਦਰ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਖਾਲਸਾ ਰਾਜ ਵੱਖਣਾ ਹੈ। ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਬਚਨ ਪੂਰੇ ਹੋਣਗੇ, ਉਹਨਾਂ ਕਿਹਾ ਸੀ ਕਿ "ਦੁਨੀਆਂ 'ਚ ਇਹ ਮਿਸਾਲ ਬਣੇਗੀ ਕਿ ਖ਼ਾਲਿਸਤਾਨ ਬਣਿਆਂ, ਖ਼ਾਲਿਸਤਾਨ ਜ਼ਰੂਰ ਬਣੇਗਾ।-ਰਣਜੀਤ ਸਿੰਘ


ਲਰਨਿੰਗ ਲਾਇਸੈਂਸ

A to Z DRIVING SCHOOL

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



T&S Transportation
Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ
604-607-0333


ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada






## ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਹੋ ਰਹੇ ਪ੍ਰੋਗਰਾਮਾਂ ਦਾ ਵੇਰਵਾ

**ਇਸ ਹਫਤੇ ਗੁਰੂਘਰ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾਵੇਗਾ। 3 ਜਨਵਰੀ ਦਿਨ ਸ਼ਨਿੱਚਰਵਾਰ ਸਵੇਰੇ 6 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 5 ਜਨਵਰੀ ਦਿਨ ਸੋਮਵਾਰ ਸਵੇਰੇ 10 ਵਜੇ ਭੋਗ ਪੈਣਗੇ ਅਤੇ ਜਨਮ ਦਿਹਾੜਾ ਜਥੇਦਾਰ ਅਕਾਲੀ ਫੂਲਾ ਸਿੰਘ ਜੀ, ਸ਼ਹੀਦੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਅਤੇ ਬਰਸੀ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਦੀ ਮਨਾਈ ਜਾਵੇਗੀ**

*30 ਦਸੰਬਰ ਦਿਨ ਮੰਗਲਵਾਰ 2 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ:
(1) ਭਾਈ ਪ੍ਰਭਦੇਵ ਸਿੰਘ (2) ਬੀਬੀ ਭੁਪਿੰਦਰ ਕੌਰ ਧਾਰਨੀਆ
*31 ਦਸੰਬਰ ਦਿਨ ਬੁੱਧਵਾਰ ਸੁਖਮਨੀ ਸਾਹਿਬ ਦੇ ਪਾਠ ਪੇਸ ਪ੍ਰੋਸੈਸ ਕੰਪਨੀ ਦੀ ਟੀਮ ਵੱਲੋਂ ਕਰਵਾਏ ਜਾਣਗੇ।
*2 ਜਨਵਰੀ ਦਿਨ ਸ਼ੁੱਕਰਵਾਰ 9 ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ:
(1) ਭਾਈ ਸੁਖਵੀਰ ਸਿੰਘ (2) ਭਾਈ ਗੁਰਿੰਦਰਪਾਲ ਸਿੰਘ (3) ਭਾਈ ਬਲਜੀਤ ਸਿੰਘ (4) ਭਾਈ ਹਰਦਮਨ ਸਿੰਘ (5) ਫਰੇਜਰ ਹੈਲਥ ਵਰਕਰਾਂ ਵੱਲੋਂ (6) ਸਟੂਡੈਂਟਸ (ਵਿਦਿਆਰਥੀਆਂ) ਵੱਲੋਂ (7) ਭਾਈ ਗੁਰਵਿੰਦਰ ਸਿੰਘ (8) ਭਾਈ ਸੁਰਜੀਤ ਸਿੰਘ ਨੱਤ (9) ਭਾਈ ਮਨਜੀਤ ਸਿੰਘ ਨੱਤ ਪਰਿਵਾਰ ਵੱਲੋਂ
*3 ਜਨਵਰੀ ਦਿਨ ਸ਼ਨਿੱਚਰਵਾਰ 5 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਆਰੰਭ ਹੋਣਗੇ:
(1) ਭਾਈ ਬਲਬੀਰ ਸਿੰਘ ਨਾਗਰਾ (2) ਭਾਈ ਸੁਰਜੀਤ ਸਿੰਘ (3) ਭਾਈ ਗੁਰਜੀਤ ਸਿੰਘ (4)ਭਾਈ ਇਕੱਤਰਜੀਤ ਸਿੰਘ (5) ਭਾਈ ਮੋਹਿਤ ਛਾਬੜਾ
*4 ਜਨਵਰੀ ਦਿਨ ਐਤਵਾਰ 4 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਆਰੰਭ ਹੋਣਗੇ:(1) ਭਾਈ ਗੁਰਵਿੰਦਰ ਸਿੰਘ (2) ਭਾਈ ਹਰਮੀਤ ਸਿੰਘ (3) ਭਾਈ ਸੁਖਜਿੰਦਰ ਸਿੰਘ (4) ਭਾਈ ਅੰਮ੍ਰਿਤਪਾਲ ਸਿੰਘ ਨਾਹਲ।

ਸਾਧ ਸੰਗਤ ਜੀ ਪੰਜਾਬ ਵਿੱਚ ਹੜ੍ਹਾਂ ਦੀ ਮਾਰ ਕਾਰਣ ਫਸਲਾਂ ਤੇ ਮਾਲ ਡੰਗਰ ਪਾਣੀ ਵਿੱਚ ਵਹਿ ਗਏ, ਘਰ ਢਹਿ ਗਏ, ਲੋਕ ਬੇਘਰ ਹੋ ਗਏ। ਹੜ੍ਹਾਂ ਦੀ ਮਾਰ ਵਿੱਚ ਆਏ ਲੋਕਾਂ ਦੀ ਸਹਾਇਤਾ ਲਈ ਵੱਧ ਤੋਂ ਵੱਧ ਆਪਣੀ ਕਿਰਤ ਵਿਚੋਂ ਮਾਇਆ ਰਾਹੀਂ ਸਹਿਯੋਗ ਪਾਓ।

**ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਦਰਬਾਰ ਵਿਚ ਹਾਜਰੀ ਭਰ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਜੀਵਨ ਸਫਲਾ ਕਰੋ ਜੀ**

**ਗੁਰਦੁਆਰਾ ਸਾਹਿਬ ਵਿਖੇ ਕੋਈ ਵੀ ਸੇਵਾ ਲੈਣ ਅਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 604-594-2574 ਤੇ ਸੰਪਰਕ ਕਰੋ ਜੀ**

# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events




Dream Catering "Your Venue, Our Food"
We provide various Menu
Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC Email:info@dreambanquethall.ca

# LOVELY SWEET SHOP & RESTAURANT and BANQUET HALL

Dine In
Take Out

**Breakfast Special Combo**
10 am to 3pm
**Prantha Plate**
Choose 2 pranthas from Aloo/Gobhi or Mooli
With curd, butter and pickle

ਸਪੈਸ਼ਲ:ਚਾਟ ਪਾਪੜੀ,ਭੱਲੇ,
ਚਨਾ ਕੁਲਚਾ

ਮੱਕੀ ਦੀ ਰੋਟੀ ਸਰ੍ਹੋਂ ਦਾ ਸਾਗ






| ਫਰੈਸ਼ ਤੰਦੂਰ ਤੋਂ | ਤੰਦੂਰ ਤੋਂ ਸਪੈਸ਼ਲ |
|---|---|
| Nan | ਤੰਦੂਰੀ ਚਿਕਨ |
| Parantha | ਚਿਕਨ ਟਿੱਕਾ |
| Onion Nan | ਫਿਸ਼ ਤੰਦੂਰੀ |
| Garlic Nan | ਪਨੀਰ ਟਿੱਕਾ |
| Lacha Parantha | ਸੀਖ ਕਬਾਬ |
| Special Nan | |

| ਫਰੈਸ਼ ਵੈਜੀ ਡਿਸ਼ਾਂ | ਖਾਣੇ ਵਿਚ ਸਪੈਸ਼ਲ |
|---|---|
| ਸ਼ਾਹੀ ਪਨੀਰ | Butter Chicken |
| ਚਿਲੀ ਪਨੀਰ | Goat Curry |
| ਕੜਾਹੀ ਪਨੀਰ | Lamb Curry |
| ਦਾਲ ਮਖਣੀ | Chicken Curry |
| ਭਿੰਡੀ ਮਸਾਲਾ | Chicken Kadahi |
| ਮਿਕਸ ਵੈਜੀ | Chilli Chicken |

ਚਰਨਜੀਤ ਸਿੰਘ ਢਿਲੋਂ
604-591-6660
604-591-6888
ਵੈਜੀ ਅਤੇ ਨਾਨ ਵੈਜੀ ਦਾ ਪੂਰਾ ਖਿਆਲ ਰੱਖਦੇ ਹਾਂ
50 Person to 200 Person Party Hall

ਗੁਰਦੁਆਰਾ, ਮੰਦਰ,
ਪਾਰਕ ਜਾਂ ਘਰ ਜਾ ਕੇ ਪੂਰੇ
ਬੀ.ਸੀ ਵਿਚ ਤੰਦੂਰ ਲਾ ਕੇ
ਜਿੰਨੇ ਮਰਜੀ ਬੰਦਿਆਂ ਲਈ
ਤਾਜਾ ਖਾਣਾ ਬਣਾਉਂਦੇ ਹਾਂ

ਕੇਟਰਿੰਗ ਸਪੈਸ਼ਲ

7168-128th St Surrey Open Everyday 10am - 10pm

**Discover the Real Punjabi Tadka**

Chawlas²
SINCE 1960
The Famous Taste of Punjab

**Veg & Non Veg**

# NOW OPEN
IN SURREY



ਲੁਧਿਆਣਾ ਦਾ ਮਸ਼ਹੂਰ
Chawla's Chicken
ਹੁਣ ਤੁਹਾਡੇ ਸ਼ਹਿਰ ਸਰੀ ਵਿਚ

**Ph:778-637-0006**

#107-8363 -128St, Surrey Hours:Wednesday to Monday 10AM to 12 AM Closed:Tuesday

# SunFlex Windows & Doors Renovation Ltd.







ਘਰਾਂ ਅਤੇ ਕਮਰਸ਼ੀਅਲ ਸਾਈਟਸ ਵਾਸਤੇ ਹਰ ਤਰ੍ਹਾਂ ਦੇ ਡੋਰਾਂ, ਵਿੰਡੋ, ਵਿੰਡੋ ਸਕਰੀਨਾਂ,
ਸਨਰੂਮ ਅਤੇ ਡੈਕਰੂਮ ਲਗਵਾਉਣ ਲਈ ਆਕਰਸ਼ਕ ਰੇਂਜ ਅਤੇ ਵਾਜਿਬ ਕੀਮਤਾਂ

- For all kind of windows, doors & window screens
- Large Range to Pick • Attractive Best Prices
- Insulation against noise, dust, rain, pollution & rising energy costs.

**Contact: 778-712-2300, 604-358-0023**

www.sunflexwindows.com info@sunflexwindows.com

# ਗੁਰਦੁਆਰਾ ਸਾਹਿਬ ਦਸ਼
# ਸਾਲਾਨਾ ਦਸਤਾਰ ਮੁਕਾਬਲੇ



# ਸ਼ਮੇਸ਼ ਦਰਬਾਰ ਸਰੀ ਵੱਲੋਂ ਵਿਚ ਸੈਂਕੜੇ ਬੱਚੇ ਹੋਏ ਸ਼ਾਮਲ





ਸਰੀ (ਪੰਧੇਰ ਗੁਰਸੇਵ ਸਿੰਘ ):ਗੁਰਦਵਾਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵੱਲੋਂ ਚਾਰੇ ਸਹਿਬਜ਼ਾਦੇ,ਮਾਤਾ ਗੁਜ਼ਰ ਕੌਰ ਅਤੇ ਸਮੂੰਹ ਸ਼ਹੀਦਾਂ ਨੂੰ ਸਮਰਪਿਤ ਸਾਲਾਨਾ ਦਸਤਾਰ ਮੁਕਾਬਲੇ 25 ਦਸੰਬਰ ਨੂੰ ਗਰੈਂਡ ਤਾਜ਼ ਬੈਕਿਉਟ ਹਾਲ ਸਰੀ ਵਿਖੇ ਕਰਵਾਏ ਗਏ। ਵੱਡੀ ਗਿਣਤੀ ਵਿੱਚ ਇਥੋਂ ਦੇ ਜੰਮਪਲ ਬੱਚੇ ਬੱਚੀਆਂ ਨੇ ਵੱਖ ਵੱਖ ਵਰਗਾ ਵਿੱਚ ਇਸ ਮੁਕਾਬਲੇ ਵਿੱਚ ਭਾਗ ਲਿਆ। ਇਸ ਸਮੇਂ ਢਾਡੀ ਜਥਾ ਰਸ਼ਪਾਲ ਸਿੰਘ ਪਮਾਲ ਵਾਲਿਆਂ ਨੇ ਢਾਡੀ ਵਾਰਾਂ ਰਾਹੀਂ ਸਮੂੰਹ ਸ਼ਹੀਦਾਂ ਅਤੇ ਦਸਤਾਰ ਦੀ ਮਹਿੰਮਾ ਬਾਰੇ ਇਤਿਹਾਸ ਸਰਵਣ ਕਰਵਾਇਆ। ਪ੍ਰਸਿੱਧ ਵਿਦਵਾਨਾਂ ਨੇ ਸਿੱਖ ਕੌਮ ਵਿੱਚ ਦਸਤਰ ਦੀ ਮਹੱਤਤਾ ਬਾਰੇ ਬੱਚਿਆਂ ਨੂੰ ਜਾਣੂ ਕਰਵਾਇਆ ਗਿਆ। ਸੈਂਕੜਿਆਂ ਦੀ ਗਿਣਤੀ ਵਿੱਚ ਦਰਸ਼ਕਾਂ ਅਤੇ ਮੁਕਾਬਲੇ ਵਿੱਚ ਸ਼ਾਮਲ ਬੱਚਿਆਂ ਨੂੰ ਸੁਆਦਲਾ ਭੋਜਨ ਛਕਾਇਆ ਗਿਆ। ਬਹੁਤ ਹੀ ਮਨਮੋਹਕ ਇਨਾਮ ਬੱਚਿਆਂ ਨੂੰ ਦਿੱਤੇ ਗਏ। ਸਮੂੰਹ ਗੁਰਦਵਾਰਾ ਕਮੇਟੀ ਅਤੇ ਵਲੰਟਰੀਅਰਾਂ ਨੇ ਤਨ ਦੇਹੀ ਨਾਲ ਸੇਵਾ ਕੀਤੀ। ਸਟੇਜ਼ ਦੀ ਸੇਵਾ ਭਾਈ ਜਸਵੀਰ ਸਿੰਘ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਭਾਈ ਬਲਜਿੰਦਰ ਸਿੰਘ ਖਹਿਰਾ,ਗਿਆਨੀ ਹਰਬੰਸ ਸਿੰਘ ਨੇ ਸਟੇਜ ਤੋਂ ਬੋਲਦਿਆਂ ਕਿਹਾ ਕਿ ਅਜਿਹੇ ਪ੍ਰੋਗ੍ਰਾਮ ਸਾਨੂੰ ਵੱਡੇ ਪੱਧਰ ਤੇ ਉਲੀਕਣੇਂ ਚਾਹੀਦੇ ਹਨ। ਉਨ੍ਹਾਂ

ਗੁਰਦਵਾਰਾ ਦਸ਼ਮੇਸ਼ ਦਰਬਾਰ ਦੀ ਕਮੇਟੀ ਦਾ ਧੰਨਵਾਦ ਕੀਤਾ ਜੋ ਹਰ ਸਾਲ ਪੰਥਕ ਪ੍ਰੋਗ੍ਰਾਮ ਉਲੀਕਦੇ ਰਹਿੰਦੇ ਹਨ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਵਾਲੇ ਪ੍ਰੋਗਰਾਮ ਕਰਦੇ ਰਹਿੰਦੇ ਹਨ। ਪ੍ਰਬੰਧਕਾਂ ਨੇ ਕਿਹਾ ਕਿ ਅਗਲੇ ਸਾਲ ਇਸਤੋਂ ਵੀ ਵਧੀਆ ਪ੍ਰੋਗ੍ਰਾਮ ਉਲੀਕਿਆ ਜਾਵੇਗਾ। ਮੁੱਖ ਸੇਵਾਦਾਰ ਭਾਈ ਗੁਰਦੀਪ ਸਿੰਘ ਨੇ ਅਖੀਰ ਵਿੱਚ ਸਭ ਸੰਗਤਾਂ, ਮੁਕਬਲਿਆਂ ਵਿੱਚ ਭਾਗ ਲੈਣ ਵਾਲੇ ਬੱਚਿਆਂ ਅਤੇ ਵਲੰਟਰੀਆਂ ਅਤੇ ਜੱਜ ਸਹਿਬਾਨ ਦਾ ਧੰਨਵਾਦ ਕੀਤਾ।




ਨਵੇਂ ਸਾਲ ਦੀਆਂ ਆਪ ਸਭ ਨੂੰ ਬਹੁਤ-ਬਹੁਤ ਵਧਾਈਆਂ



Sukh Dhaliwal

Surrey - Newton

BRITISH COLUMBIA

**Surrey Office**

**604.598.2200**

SUKH.DHALIWAL@PARL.GC.CA
#202 - 12992 76 Avenue
Surrey, British Columbia
V3W 2V6

**Ottawa Office**

**613.992.0666**

SUKH.DHALIWAL@PARL.GC.CA
House of Commons
Ottawa, Ontario
K1A 0A6

VELOCITY
TRUCK CENTRES

# PREMIUM QUALITY COMMERCIAL VEHICLES

ਨਵੇਂ ਅਤੇ ਪਹਿਲਾਂ ਤੋਂ ਮਾਲਕੀ ਵਾਲੇ ਟਰੱਕਾਂ, ਬੱਸਾਂ ਅਤੇ ਟ੍ਰੇਲਰਾਂ ਲਈ ਤੁਹਾਡੀ ਇੱਕ-ਸਟਾਪ ਮੰਜ਼ਿਲ
ਪ੍ਰਮੁੱਖ ਬ੍ਰਾਂਡਾਂ ਦੇ ਅਧਿਕਾਰਤ ਡੀਲਰ ਦੇ ਰੂਪ ਵਿੱਚ
ਅਸੀਂ ਹਾਈਵੇਅ ਅਤੇ ਵੋਕੇਸ਼ਨਲ ਐਪਲੀਕੇਸ਼ਨਾਂ ਦੋਵਾਂ ਲਈ ਹੱਲ ਪੇਸ਼ ਕਰਦੇ ਹਾਂ

INVENTORY

ਅੱਜ ਹੀ ਆਪਣੇ ਫਲੀਟ ਨੂੰ ਅਪਗ੍ਰੇਡ ਕਰੋ ਜਾਂ ਵਧਾਓ
velocitytruckcentres.ca/inventory

ਨਵੇਂ ਅਤੇ ਪੁਰਾਣੇ ਟਰੱਕਾਂ, ਬੱਸਾਂ ਅਤੇ ਟ੍ਰੇਲਰਾਂ ਲਈ ਤੁਹਾਡੀ ਇੱਕ-ਸਟਾਪ ਮੰਜ਼ਿਲ
ਪ੍ਰਮੁੱਖ ਬ੍ਰਾਂਡਾਂ ਦੇ ਇੱਕ ਅਧਿਕਾਰਤ ਡੀਲਰ ਹੋਣ ਦੇ ਨਾਤੇ, ਅਸੀਂ ਹਾਈਵੇਅ ਅਤੇ ਕਿੱਤਾਮੁਖੀ ਐਪਲੀਕੇਸ਼ਨਾਂ ਦੋਵਾਂ ਲਈ ਹੱਲ ਪੇਸ਼ ਕਰਦੇ ਹਾਂ।



## ਪ੍ਰਮੁੱਖ ਬ੍ਰਾਂਡਾਂ ਦਾ ਮਾਣਮੱਤਾ ਡੀਲਰ

FREIGHTLINER | WESTERN STAR | AUTOCAR | Thomas | FREIGHTLINER Custom Chassis | RIZON
CROSS COUNTRY MANUFACTURING | DOEPKER TRAILERS | K-LINE | LODE KING | PEERLESS | TRAIL KING

crossroads
Equipment Lease & Finance

ਆਸਾਨ ਫਾਇਨੈਂਸਿੰਗ

ਕ੍ਰਾਸਰੋਡ ਰਾਹੀਂ, ਅਸੀਂ ਇਹਨਾਂ ਲਈ ਲਚਕਦਾਰ, ਕਸਟਮ-ਅਨੁਕੂਲ ਵਿੱਤ ਅਤੇ ਲੀਜ਼ਿੰਗ ਹੱਲ ਪੇਸ਼ ਕਰਦੇ ਹਾਂ:
*ਨਵੇਂ ਜਾਂ ਵਰਤੇ ਗਏ ਉਪਕਰਣ
*ਕਨਸੋਲੀਡੇਸ਼ਨ ਲੋਨ
*ਕ੍ਰੈਡਿਟ ਲਾਈਨਾਂ
ਆਪਣੇ ਵਿਕਲਪਾਂ ਦੀ ਪੜਚੋਲ ਕਰਨ ਲਈ gisekham@crlease.ca 'ਤੇ ਗੁਰਪਾਲ ਸੀਖਮ ਨਾਲ ਸੰਪਰਕ ਕਰੋ ਜਾਂ crlease.ca 'ਤੇ ਜਾਓ।

672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada

# Call:672-727-9560


SARDAR G ACADEMY &
ASIAN CONNECTIONS RADIO PRESENTS
New Year Special
Kaur Mandeep
Sardar G
Karanvir Singh
Kulwinder Dhanoa
2026 Sun Mela
LIVE MUSIC WITH DINNER
3 JAN 2026 (SATURDAY)
6.00PM-10PM
FOR TICKETS INFORMATION,
PLEASE CALL 778-892-4655 & 604-782-0960
Taj Park Convention Centre
8580 132 St, Surrey, BC V3W 4N7 | (604) 503-3838

# ਥਾਂਈਲੈਂਡ ਵਿੱਚ ਹਿੰਦੂ ਦੇਵਤਾ ਵਿਸ਼ਨੂੰ ਦੀ ਮੂਰਤੀ ਢਾਹੀ




ਬੈਂਕੌਕ:ਥਾਈਲੈਂਡ ਦੀ ਫੌਜ ਨੇ 22 ਦਸੰਬਰ ਨੂੰ ਕੰਬੋਡੀਆ ਦੀ ਸਰਹੱਦ 'ਤੇ ਬਣੀ ਹਿੰਦੂ ਦੇਵਤਾ ਵਿਸ਼ਨੂੰ ਦੀ ਮੂਰਤੀ ਨੂੰ ਢਾਅ ਦਿੱਤਾ।ਥਾਈਲੈਂਡ ਦੀ ਸਰਕਾਰ ਨੇ ਫੌਜ ਵੱਲੋਂ ਇੱਕ ਹਿੰਦੂ ਮੂਰਤੀ ਨੂੰ ਢਾਹੇ ਜਾਣ ਦਾ ਬਚਾਅ ਕਰਦੇ ਹੋਏ ਕਿਹਾ ਕਿ ਇਸਨੂੰ ਹਟਾਉਣਾ ਇੱਕ ਵਿਵਾਦਤ ਸਰਹੱਦੀ ਖੇਤਰ ਵਿੱਚ ਕੰਟਰੋਲ ਜਤਾਉਣ ਲਈ ਕੀਤਾ ਗਿਆ ਸੀ।

ਥਾਈਲੈਂਡ ਤੇ ਕੰਬੋਡੀਆਂ ਦੋਨਾ ਗੁਆਂਢੀ ਮੁਲਕਾਂ ਵਿਚਕਾਰ ਦੋ ਹਫ਼ਤਿਆਂ ਤੋਂ ਵੱਧ ਸਮੇਂ ਤੱਕ ਚੱਲੀਆਂ ਫੌਜੀ ਝੜਪਾਂ ਤੋਂ ਬਾਅਦ, ਇੱਕ ਕੰਬੋਡੀਅਨ ਅਧਿਕਾਰੀ ਨੇ ਹਿੰਦੂ ਦੇਵਤਾ ਵਿਸ਼ਨੂੰ ਦੀ ਮੂਰਤੀ ਨੂੰ ਢਾਹੇ ਜਾਣ 'ਤੇ ਪ੍ਰਤੀਕਿਰਿਆ ਦਿੱਤੀ।ਪ੍ਰੀਆ ਵਿਹਾਰ ਪ੍ਰਾਂਤ ਦੇ ਬੁਲਾਰੇ ਨੇ ਕਿਹਾ ਕਿ ਇਹ 2014 ਵਿੱਚ ਕੰਬੋਡੀਅਨ ਖੇਤਰ 'ਤੇ ਬਣਾਇਆ ਗਿਆ ਸੀ ਅਤੇ 22 ਦਸੰਬਰ ਨੂੰ ਥਾਈਲੈਂਡ ਦੀ ਫੌਜ ਨੇ ਢਾਹ ਦਿੱਤਾ ਗਿਆ ਹੈ ।ਹਿੰਦੂ-ਬਹੁਗਿਣਤੀ ਵਾਲੇ ਭਾਰਤ ਦੇ ਵਿਦੇਸ਼ ਮੰਤਰਾਲੇ ਨੇ 24 ਦਸੰਬਰ ਨੂੰ ਕਿਹਾ ਕਿ "ਅਜਿਹੀਆਂ ਨਿਰਾਦਰਜਨਕ ਕਾਰਵਾਈਆਂ ਦੁਨੀਆ ਭਰ ਦੇ ਪੈਰੋਕਾਰਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ, ਅਤੇ ਅਜਿਹਾ ਨਹੀਂ ਹੋਣਾ ਚਾਹੀਦਾ।"ਪਰ ਥਾਈ ਸਰਕਾਰ ਨੇ 25 ਦਸੰਬਰ ਨੂੰ ਕਿਹਾ ਕਿ ਮੂਰਤੀ ਨੂੰ ਹਟਾਉਣਾ "ਸੁਰੱਖਿਆ ਵਿਚਾਰਾਂ ਅਤੇ ਖੇਤਰ ਪ੍ਰਸ਼ਾਸਨ ਨਾਲ ਸਬੰਧਤ ਸੀ ਅਤੇ ਕਿਸੇ ਵੀ ਧਰਮ ਜਾਂ ਵਿਸ਼ਵਾਸਾਂ ਦਾ ਨਿਰਾਦਰ ਕਰਨ ਦਾ ਇਰਾਦਾ ਨਹੀਂ ਸੀ।"

"ਇਹ ਢਾਂਚਾ ਕਿਸੇ ਵੀ ਧਰਮ ਨਾਲ ਜੁੜਿਆ ਨਹੀਂ ਸੀ, ਪਰ ਥਾਈਲੈਂਡ-ਕੰਬੋਡੀਆ ਸਰਹੱਦ ਦੇ ਨਾਲ ਇੱਕ ਸਥਾਨ 'ਤੇ ਸਿਰਫ਼ ਇੱਕ ਸਜਾਵਟੀ ਟੁਕੜਾ ਸੀ," ਇੱਕ ਵੱਖਰੇ ਬਿਆਨ ਵਿੱਚ, ਬੈਂਕਾਕ ਨੇ ਕਿਹਾ ਕਿ ਮੂਰਤੀ "ਇੱਕ ਰਜਿਸਟਰਡ ਜਾਂ ਅਧਿਕਾਰਤ ਤੌਰ 'ਤੇ ਮਾਨਤਾ ਪ੍ਰਾਪਤ ਧਾਰਮਿਕ ਸਥਾਨ ਵਜੋਂ ਸਥਾਪਿਤ ਨਹੀਂ ਕੀਤੀ ਗਈ ਸੀ।

# ਟਰਾਂਟੋ ਵਿਖੇ ਪੰਜਾਬੀ ਨੌਜਵਾਨ ਹਥਿਆਰਾਂ ਸਣੇ ਕਾਬੂ



ਬਰੈਂਪਟਨ : ਕੈਨੇਡਾ ਵਿਚ 20 ਸਾਲ ਦੇ ਜਗਦੀਪ ਸਿੰਘ ਨੂੰ ਪਸਤੌਲ ਦੀ ਨੋਕ 'ਤੇ ਡਰਾਉਣ-ਧਮਕਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ ਵਾਰਾਦਤ 27 ਦਸੰਬਰ ਨੂੰ ਵੱਡੇ ਤੜਕੇ 1 ਵਜੇ ਬਰੈਂਪਟਨ ਦੇ ਚਿੰਗਕੂਜ਼ੀ ਰੋਡ ਅਤੇ ਡ੍ਰਿੰਕਵਾਟਰ ਰੋਡ ਇਲਾਕੇ ਵਿਚ ਵਾਪਰੀ। ਪੁਲਿਸ ਮੁਤਾਬਕ ਪੀੜਤ ਇਕ ਬੱਸ ਵਿਚੋਂ ਉਤਰਿਆ ਅਤੇ ਇਕ ਅਣਪਛਾਤਾ ਸ਼ਖਸ ਉਸ ਦਾ ਪਿੱਛਾ ਕਰਨ ਲੱਗਾ। ਇਸੇ ਦੌਰਾਨ ਸ਼ੱਕੀ, ਪੀੜਤ ਦੇ ਨੇੜੇ ਗਿਆ ਅਤੇ ਆਪਣੇ ਕੋਲ ਹਥਿਆਰ ਹੋਣ ਦਾ ਡਰਾਵਾ ਦਿਤਾ। ਦੂਜੇ ਪਾਸੇ ਪੀੜਤ ਨੇ ਪੁਲਿਸ ਨੂੰ ਫੋਨ ਕਰ ਲਿਆ ਅਤੇ ਮੌਕੇ 'ਤੇ ਪੁੱਜੇ ਅਫ਼ਸਰਾਂ ਨੇ ਜਲਦ ਹੀ ਸ਼ੱਕੀ ਨੂੰ ਕਾਬੂ ਕਰ ਲਿਆ।ਜਗਦੀਪ ਸਿੰਘ ਵਿਰੁੱਧ ਖ਼ਤਰਨਾਕ ਮਕਸਦ ਲਈ ਹਥਿਆਰ ਰੱਖਣ ਅਤੇ ਸਜ਼ਾਯੋਗ ਅਪਰਾਧ ਦੀ ਸਾਜ਼ਿਸ਼ ਘੜਨ ਦੇ ਦੋਸ਼ ਆਇਦ ਕੀਤੇ ਗਏ ਹਨ। ਪੀਲ ਪੁਲਿਸ ਨੇ ਅੱਗੇ ਕਿਹਾ ਕਿ ਗ੍ਰਿਫ਼ਤਾਰੀ ਵੇਲੇ ਜਗਦੀਪ ਸਿੰਘ ਕੋਲ ਇਕ ਬੈਕਪੈਕ ਵੀ ਮੌਜੂਦ ਸੀ ਜਿਸ ਵਿਚੋਂ ਰੱਸੀਆਂ, ਟੇਪ ਰੋਲ, ਦਸਤਾਨੇ ਅਤੇ ਦੋ ਛੁਰੇ ਬਰਾਮਦ ਕੀਤੇ ਗਏ। ਅੰਤਮ ਰਿਪੋਰਟ ਮਿਲਣ ਤੱਕ ਜਗਦੀਪ ਸਿੰਘ ਨੂੰ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਤੱਕ ਹਿਰਾਸਤ ਵਿਚ ਰੱਖਿਆ ਗਿਆ ਹੈ। ਇਥੇ ਦਸਣਾ ਬਣਦਾ ਹੈ ਕਿ ਮਿਸੀਸਾਗਾ ਅਤੇ ਬਰੈਂਪਟਨ ਵਿਖੇ 2025 ਦੌਰਾਨ ਅਸਾਲਟ ਦੀਆਂ 6,658 ਵਾਰਦਾਤਾਂ ਸਾਹਮਣੇ ਆਈਆਂ ਜਿਨ੍ਹਾਂ ਵਿਚੋਂ ਬਰੈਂਪਟਨ ਵਿਖੇ 3,462 ਅਤੇ ਮਿਸੀਸਾਗਾ ਵਿਖੇ 3,179 ਦਰਜ ਕੀਤੀਆਂ ਗਈਆਂ।

# ਕੈਨੇਡਾ 'ਚ ਟੋਰਾਂਟੋ ਯੂਨੀਵਰਸਿਟੀ ਦੇ ਕੈਂਪਸ ਨੇੜੇ ਭਾਰਤੀ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ

ਟੋਰਾਂਟੋ:- ਕੈਨੇਡਾ ਦੀ ਮਸ਼ਹੂਰ ਟੋਰਾਂਟੋ ਯੂਨੀਵਰਸਿਟੀ ਦੇ ਨੇੜੇ ਇੱਕ 20 ਸਾਲਾ ਭਾਰਤੀ ਡਾਕਟਰੇਟ ਵਿਦਿਆਰਥੀ, ਸ਼ਿਵਾਂਕ ਅਵਸਥੀ ਦਾ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ।ਜਾਣਕਾਰੀ ਅਨੁਸਾਰ, ਮੰਗਲਵਾਰ ਦੁਪਹਿਰ ਨੂੰ ਇੱਕ ਪੈਦਲ ਚੱਲਣ ਵਾਲੇ ਵਿਅਕਤੀ ਨੇ ਸ਼ਿਵਾਂਕ ਦੀ ਲਾਸ਼ ਜੰਗਲੀ ਖੇਤਰ ਦੇ ਰਸਤੇ 'ਤੇ ਪਈ ਦੇਖੀ ਅਤੇ ਪੁਲਿਸ ਨੂੰ ਸੂਚਨਾ ਦਿੱਤੀ।ਜਦੋਂ ਪੁਲਿਸ ਮੌਕੇ 'ਤੇ ਪਹੁੰਚੀ, ਤਾਂ ਉਸ ਦੇ ਸਰੀਰ 'ਤੇ ਗੋਲੀਆਂ ਦੇ ਨਿਸ਼ਾਨ ਸਨ ਅਤੇ ਉਸ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।ਟੋਰਾਂਟੋ ਪੁਲਿਸ ਇਸ ਮਾਮਲੇ ਨੂੰ ਕਤਲ ਦੇ ਰੂਪ ਵਿਚ ਦੇਖ ਰਹੀ ਹੈ ਅਤੇ ਦੋਸ਼ੀ ਦੀ ਭਾਲ ਜਾਰੀ ਹੈ, ਜੋ ਵਾਰਦਾਤ ਤੋਂ ਤੁਰੰਤ ਬਾਅਦ ਫ਼ਰਾਰ ਹੋ ਗਿਆ ਸੀ।ਨਵੀਂ ਦਿੱਲੀ ਵਿਚ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਇਸ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਭਾਰਤੀ ਦੂਤਾਵਾਸ ਕੈਨੇਡੀਅਨ ਅਧਿਕਾਰੀਆਂ ਦੇ ਲਗਾਤਾਰ ਸੰਪਰਕ ਵਿਚ ਹੈ।ਟੋਰਾਂਟੋ ਸਥਿਤ ਭਾਰਤੀ ਕੌਂਸਲੇਟ ਨੇ ਪੀੜਤ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਹੈ।ਯੂਨੀਵਰਸਿਟੀ ਪ੍ਰਸ਼ਾਸਨ ਨੇ ਵੀ ਇਸ ਦੁਖਦਾਈ ਮੌਤ 'ਤੇ ਅਫ਼ਸੋਸ ਜਤਾਇਆ ਹੈ ਅਤੇ ਸੁਰੱਖਿਆ ਦੇ ਮੱਦੇਨਜ਼ਰ ਵਿਦਿਆਰਥੀਆਂ ਨੂੰ ਉਸ ਖ਼ਾਸ ਇਲਾਕੇ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਹੈ। ਫਿਲਹਾਲ ਪੁਲਿਸ ਹੱਤਿਆ ਦੇ ਪਿੱਛੇ ਦੇ ਕਾਰਨਾਂ ਅਤੇ ਹਮਲਾਵਰ ਦੀ ਪਛਾਣ ਕਰਨ ਵਿਚ ਜੁਟੀ ਹੋਈ ਹੈ।

# ਭਾਜਪਾ ਨੇਤਾ ਦੇ ਪੁੱਤਰ ਨੇ ਕੀਤਾ ਬਲਾਤਕਾਰ ਲੜਕੀ ਵੱਲੋਂ ਖ਼ੁਦਕੁਸ਼ੀ ਦੀ ਕੋਸ਼ਿਸ਼

ਨਵੀਂ ਦਿੱਲੀ: ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਵਿੱਚ ਇੱਕ ਔਰਤ, ਜਿਸਨੇ ਪਹਿਲਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਇੱਕ ਨੇਤਾ ਦੇ ਪੁੱਤਰ 'ਤੇ ਬਲਾਤਕਾਰ ਦਾ ਦੋਸ਼ ਲਗਾਇਆ ਸੀ, ਨੀਂਦ ਦੀਆਂ ਗੋਲੀਆਂ ਅਤੇ ਚੂਹੇ ਮਾਰਨ ਵਾਲਾ ਜ਼ਹਿਰ ਖਾਣ ਤੋਂ ਬਾਅਦ ਗੰਭੀਰ ਹਾਲਤ ਵਿੱਚ ਹੈ।ਐਨਡੀਟੀਵੀ ਦੀ ਇੱਕ ਰਿਪੋਰਟ ਦੇ ਅਨੁਸਾਰ, ਪੁਲਿਸ ਨੇ ਕਿਹਾ ਕਿ ਔਰਤ ਨੇ 30 ਅਪ੍ਰੈਲ ਨੂੰ ਭਾਜਪਾ ਨੇਤਾ ਅਤੇ ਸ਼ਿਵਪੁਰੀ ਨਗਰ ਪ੍ਰੀਸ਼ਦ ਦੇ ਪ੍ਰਧਾਨ ਗਾਇਤਰੀ ਸ਼ਰਮਾ ਦੇ ਪੁੱਤਰ ਰਜਤ ਸ਼ਰਮਾ ਵਿਰੁੱਧ ਐਫਆਈਆਰ ਦਰਜ ਕਰਵਾਈ ਸੀ।ਰਿਪੋਰਟ ਦੇ ਅਨੁਸਾਰ, ਉਸਦੀ ਹਾਲਤ ਵਿਗੜਨ ਤੋਂ ਬਾਅਦ, ਉਸਨੂੰ ਮੈਡੀਕਲ ਕਾਲਜ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦਾ ਨਜ਼ਦੀਕੀ ਡਾਕਟਰੀ ਨਿਗਰਾਨੀ ਹੇਠ ਇਲਾਜ ਚੱਲ ਰਿਹਾ ਹੈ। ਜ਼ਹਿਰ ਖਾਣ ਤੋਂ ਪਹਿਲਾਂ, ਔਰਤ ਨੇ ਛੇ ਪੰਨਿਆਂ ਦਾ ਇੱਕ ਨੋਟ ਲਿਖਿਆ ਜਿਸ ਵਿੱਚ ਉਸਨੇ ਕਿਹਾ ਕਿ ਉਹ ਪਿਛਲੇ ਸੱਤ ਮਹੀਨਿਆਂ ਤੋਂ ਮਾਨਸਿਕ ਪਰੇਸ਼ਾਨੀ ਅਤੇ ਧਮਕੀਆਂ ਦਾ ਸਾਹਮਣਾ ਕਰ ਰਹੀ ਸੀ।ਨੋਟ ਵਿੱਚ ਲਿਖਿਆ ਹੈ, "ਮੈਂ ਇਹ ਸੁਸਾਈਡ ਨੋਟ ਪੂਰੀ ਤਰ੍ਹਾਂ ਹੋਸ਼ ਵਿੱਚ ਲਿਖ ਰਹੀ ਹਾਂ। ਸ਼ਿਵਪੁਰੀ ਨਗਰ ਪ੍ਰੀਸ਼ਦ ਦੇ ਪ੍ਰਧਾਨ ਗਾਇਤਰੀ ਸ਼ਰਮਾ ਅਤੇ ਉਸਦੇ ਪਤੀ ਸੰਜੇ ਸ਼ਰਮਾ ਮੇਰੀ ਮੌਤ ਲਈ ਜ਼ਿੰਮੇਵਾਰ ਹਨ। ਉਹ ਆਪਣੇ ਪੁੱਤਰ ਰਜਤ ਸ਼ਰਮਾ ਨਾਲ ਮੇਰੇ ਸਬੰਧਾਂ ਤੋਂ ਪਹਿਲਾਂ ਹੀ ਜਾਣੂ ਸਨ। ਗਾਇਤਰੀ ਸ਼ਰਮਾ ਨੇ ਪਹਿਲਾਂ ਕਿਹਾ ਸੀ ਕਿ ਉਸਨੂੰ ਕੋਈ ਇਤਰਾਜ਼ ਨਹੀਂ ਹੈ ਅਤੇ ਉਹ ਵਿਆਹ ਬਾਰੇ ਚਰਚਾ ਕਰੇਗੀ।

# ਡਾਕਟਰੀ ਮੱਦਦ ਨਾ ਮਿਲਣ ਕਾਰਨ ਫੌਤ ਹੋਏ ਭਾਰਤੀ ਦੇ ਮਾਮਲੇ ਦੀ ਜਾਂਚ ਸ਼ੁਰੂ



ਐਡਮਿੰਟਨ:ਗਰੇ ਨੰਨ ਕਮਿਊਨਿਟੀ ਹਸਪਤਾਲ 'ਚ ਡਾਕਟਰ ਵੱਲੋਂ ਇਲਾਜ ਸ਼ੁਰੂ ਨਾ ਕਰਨ ਭਾਰਤੀ ਮੂਲ ਦੇ ਸ੍ਰੀਸੰਤ ਸ੍ਰੀਕੁਮਾਰ (44) ਦੀ ਮੌਤ ਹੋਣ ਦੀ ਮਾਮਲੇ ਦੀ ਜਾਂਚ ਲਈ ਸਿਹਤ ਵਿਭਾਗ ਨੇ ਕਮੇਟੀ ਬਣਾਈ ਹੈ।ਸਿਹਤ ਮੰਤਰੀ ਮੈਟ ਜੌਹਨ ਨੇ ਦੱਸਿਆ ਕਿ ਐਕਿਊਟ ਕੇਅਰ ਅਲਬਰਟਾ ਅਤੇ ਕੋਵਨੈਂਟ ਹੈਲਥ, ਜਿਨ੍ਹਾਂ ਦੀ ਨਿਗਰਾਨੀ ਹੇਠ ਇਹ ਹਸਪਤਾਲ ਚਲਾਇਆ ਜਾ ਰਿਹਾ ਹੈ, ਵੱਲੋਂ ਸਾਂਝੇ ਤੌਰ 'ਤੇ ਸ੍ਰੀਕੁਮਾਰ ਦੀ ਮੌਤ ਦੇ ਅਸਲ ਕਾਰਨਾਂ ਦਾ ਪਤਾ ਲਾਇਆ ਜਾਏਗਾ। ਜੇ ਕੋਈ ਦੋਸ਼ੀ ਨਿਕਲਿਆ ਤਾਂ ਉਸ ਵਿਰੁੱਧ ਸਖਤ ਕਾਰਵਾਈ ਦੇ ਨਾਲ-ਨਾਲ ਅਜਿਹੇ ਪ੍ਰਬੰਧ ਕੀਤੇ ਜਾਣਗੇ ਤਾਂ ਜੋ ਭਵਿੱਖ ਵਿੱਚ ਅਜਿਹੀ ਘਟਨਾ ਨਾ ਵਾਪਰੇ।

CLEANSCAPE TEAM LTD.
ਅਸੀਂ ਘਰਾਂ ਦੀ ਸਫਾਈ, ਕੰਸਟਰਕਸ਼ਨ ਕਲੀਨਅੱਪ,
ਆਫਿਸ ਦੀ ਸਫਾਈ, ਸਪੈਸ਼ਲ ਈਵੈਂਟ ਤੇ ਕਲੀਨਅੱਪ ਕਰਦੇ ਹਾਂ
Free Estimates • Reliable Service Reasonable Rates • Prompt Service
BEST RATES
RESIDENTIAL & COMMERCIAL
All Kinds Of Janitorial Services
House Cleaning
Move In/Move Out Cleaning
Construction Cleanup
Deep Cleanup
Office Cleanup
Special Event Cleanup
ਵਿਆਹ ਪਾਰਟੀਆਂ ਤੇ ਘਰ ਦੀ ਸਾਂਭ ਸੰਭਾਲ ਅਤੇ ਆਏ ਮਹਿਮਾਨਾਂ ਵਾਸਤੇ ਖਾਣ ਪੀਣ ਦਾ ਇੰਤਜ਼ਾਮ ਕਰਦੇ ਹਾਂ
www.cleanscapeteam.ca
Email: info@cleanscapeteam.ca
236-838-6878
778-917-5104

Bhola
Car Seat Cover Ltd.
Specialize in Custom & Universal Seat Covers
• Leather Car Seat Covers
• Leather Truck Covers
• Truck Lino
• ਲੈਦਰ ਕਾਰ ਸੀਟ ਕਵਰ
• ਲੈਦਰ ਟਰੱਕ ਕਵਰ
• ਟਰੱਕ ਲਾਇਨੋ
Great Deals On CAR MATS & ACCESSORIES
ਪਿਛਲੇ 30 ਸਾਲਾਂ ਤੋਂ ਸੀਟ-ਕਵਰ ਬਿਜਨਸ 'ਚ
Call:Simranjeet Singh
778-926-2662
#104-13119-84Ave, Surrey, BC

# ਸਾਹਿਬਜਾਦਿਆਂ ਦੀ ਸ਼ਹਾਦਤ ਬਾਰੇ ਔਰੰਗਜ਼ੇਬ ਬਾਰੇ ਕੀਤੀਆਂ ਗੱਲਾਂ 'ਤੇ ਭੜਕੇ ਮੁਸਲਿਮ ਨੌਜਵਾਨਾਂ ਨੇ ਸਿੱਖ ਨੌਜਵਾਨ 'ਤੇ ਹਮਲਾ ਕਰ ਕੇ ਕੀਤਾ ਗੰਭੀਰ ਜ਼ਖਮੀ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਉੱਤਰ ਪ੍ਰਦੇਸ਼ ਦੇ ਬਿਜਨੌਰ ਜ਼ਿਲ੍ਹੇ ਤੋਂ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਇੱਕ ਗੁਰਦੁਆਰੇ ਨੇੜੇ ਹੋਏ ਕਥਿਤ ਹਮਲੇ ਨੇ ਇਲਾਕੇ ਵਿੱਚ ਤਣਾਅ ਵਧਾ ਦਿੱਤਾ ਹੈ। ਦੋਸ਼ ਹੈ ਕਿ ਗੁਰਦੁਆਰੇ ਵਿੱਚ ਔਰੰਗਜ਼ੇਬ ਵਰਗੇ ਇਤਿਹਾਸਕ ਸ਼ਾਸਕਾਂ ਬਾਰੇ ਕੀਤੀਆਂ ਗਈਆਂ ਟਿੱਪਣੀਆਂ 'ਤੇ ਮੁਸਲਿਮ ਨੌਜਵਾਨਾਂ ਦੇ ਇੱਕ ਸਮੂਹ ਨੇ ਇੱਕ ਸਿੱਖ ਨੌਜਵਾਨ ਰਮਨਦੀਪ ਸਿੰਘ 'ਤੇ ਹਮਲਾ ਕਰ ਦਿੱਤਾ ਸੀ। ਹਮਲੇ ਵਿੱਚ ਰਮਨਦੀਪ ਸਿੰਘ ਗੰਭੀਰ ਜ਼ਖਮੀ ਹੋ ਗਿਆ ਤੇ ਓਹਦੀ ਇੱਕ ਅੱਖ ਨੂੰ ਗੰਭੀਰ ਨੁਕਸਾਨ ਪਹੁੰਚਿਆ ਸੀ। ਪੀੜਤ, ਰਮਨਦੀਪ ਸਿੰਘ, ਇਸ ਸਮੇਂ ਏਮਜ਼, ਦਿੱਲੀ ਵਿੱਚ ਇਲਾਜ ਅਧੀਨ ਹੈ। ਪੀੜਤ ਦੇ ਚਾਚਾ ਹਰਵਿੰਦਰ ਸਿੰਘ ਰਿੰਕੂ ਦਾ ਦੋਸ਼ ਹੈ ਕਿ 23 ਤਰੀਕ ਨੂੰ ਨੂਰਪੁਰ ਗੁਰਦੁਆਰੇ ਵਿੱਚ ਸੰਗਤ ਦੌਰਾਨ ਇਤਿਹਾਸਕ ਵਿਸ਼ਿਆਂ 'ਤੇ ਚਰਚਾ ਹੋ ਰਹੀ ਸੀ। ਮੁੰਨਾ ਨਾਮ ਦੇ ਇੱਕ ਰਾਹਗੀਰ ਨੇ ਇਸ 'ਤੇ ਇਤਰਾਜ਼ ਕੀਤਾ। ਪਰਿਵਾਰ ਦਾ ਦਾਅਵਾ ਹੈ ਕਿ ਜਦੋਂ ਰਮਨਦੀਪ ਥੋੜ੍ਹੀ ਦੇਰ ਬਾਅਦ ਬਾਜ਼ਾਰ ਗਿਆ ਤਾਂ ਮੁੰਨਾ ਆਪਣੇ ਦੋਸਤਾਂ ਨਾਲ ਉੱਥੇ ਪਹੁੰਚਿਆ ਅਤੇ ਉਸ 'ਤੇ ਹਮਲਾ ਕੀਤਾ। ਹਮਲਾਵਰਾਂ ਨੇ ਕਥਿਤ ਤੌਰ 'ਤੇ ਡੰਡੇ ਅਤੇ ਰਾਡ ਵਰਗੇ ਹਥਿਆਰ ਰੱਖੇ ਹੋਏ ਸਨ ਅਤੇ ਰਮਨਦੀਪ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਇਸ ਘਟਨਾ ਤੋਂ ਬਾਅਦਨੂਰਪੁਰ ਪੁਲਿਸ ਨੇ ਮਾਮਲਾ ਦਰਜ ਕਰ ਲਿਆ। ਪੁਲਿਸ ਦੇ ਅਨੁਸਾਰ, ਦੋ ਮੁਲਜ਼ਮਾਂ, ਸਾਹਿਲ ਅਤੇ ਇੱਕ ਨਾਬਾਲਗ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ, ਜਦੋਂ ਕਿ ਮੁੱਖ ਮੁਲਜ਼ਮ, ਜ਼ੁਲਫਕਾਰ ਦਾ ਪੁੱਤਰ ਮੁੰਨਾ ਅਤੇ ਇੱਕ ਹੋਰ ਸਾਥੀ ਅਜੇ ਵੀ ਫਰਾਰ ਹਨ। ਪੁਲਿਸ ਫਰਾਰ ਮੁਲਜ਼ਮਾਂ ਦੀ ਭਾਲ ਲਈ ਛਾਪੇਮਾਰੀ ਕਰ ਰਹੀ ਹੈ। ਇਸ ਘਟਨਾ ਤੋਂ ਸਿੱਖ ਭਾਈਚਾਰਾ ਗੁੱਸੇ ਵਿੱਚ ਹੈ । ਸਮਾਜਿਕ ਅਤੇ ਸਥਾਨਕ ਸੰਗਠਨਾਂ ਨੇ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਗ੍ਰਿਫ਼ਤਾਰ ਨਾ ਕੀਤੇ ਜਾਣ 'ਤੇ ਵਿਰੋਧ ਪ੍ਰਦਰਸ਼ਨ ਕਰਨ ਦੀ ਚੇਤਾਵਨੀ ਦਿੱਤੀ ਹੈ। ਇਸ ਦੌਰਾਨ ਭਾਜਪਾ ਖੇਤਰੀ ਮੰਤਰੀ ਹਜਿੰਦਰ ਕੌਰ ਨੇ ਵੀ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ।



## ਘੱਟ ਗਿਣਤੀਆਂ ਨੂੰ ਭਾਰਤ ਭਰ ਵਿੱਚ ਵਧਦੀ ਹਿੰਸਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ

ਦਿੱਲੀ:-ਰਿਪੋਰਟਾਂ ਹਿੰਦੂਤਵ ਵਿਚਾਰਧਾਰਾ ਤੋਂ ਪ੍ਰਭਾਵਿਤ ਰਾਜ ਦੀਆਂ ਨੀਤੀਆਂ ਤਹਿਤ ਭਾਰਤ ਵਿੱਚ ਘੱਟ ਗਿਣਤੀਆਂ 'ਤੇ ਚੱਲ ਰਹੇ ਯੋਜਨਾਬੱਧ ਅਤਿਆਚਾਰ ਦੀ ਪੁਸ਼ਟੀ ਕਰਦੀਆਂ ਹਨ। ਮੁਸਲਮਾਨਾਂ ਨੂੰ ਰੋਜ਼ਾਨਾ ਪਰੇਸ਼ਾਨੀ, ਹਿੰਸਾ ਅਤੇ ਆਰਥਿਕ ਅਤੇ ਧਾਰਮਿਕ ਗਤੀਵਿਧੀਆਂ 'ਤੇ ਪਾਬੰਦੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪ੍ਰਧਾਨ ਮੰਤਰੀ ਮੋਦੀ ਦੇ ਅਧੀਨ ਸਥਿਤੀ ਵਿਗੜ ਗਈ ਹੈ, ਜਿਸ ਨਾਲ ਕਈ ਰਾਜਾਂ ਦੇ ਭਾਈਚਾਰਿਆਂ ਨੂੰ ਪ੍ਰਭਾਵਿਤ ਕੀਤਾ ਗਿਆ ਹੈ।

ਹਿੰਦੁਸਤਾਨ ਟਾਈਮਜ਼ ਨੇ ਉੱਤਰ ਪ੍ਰਦੇਸ਼ ਦੇ ਬਰੇਲੀ ਵਿੱਚ ਹਾਲ ਹੀ ਵਿੱਚ ਹੋਏ ਹਮਲੇ ਬਾਰੇ ਖਬਰ ਨਸ਼ਰ ਕੀਤੀ ਹੈ, ਜਿੱਥੇ ਬਜਰੰਗ ਦਲ ਦੇ ਮੈਂਬਰਾਂ ਨੇ ਇੱਕ ਕੈਫੇ ਵਿੱਚ ਮੁਸਲਿਮ ਨੌਜਵਾਨਾਂ ਦੇ ਇਕੱਠ ਨੂੰ ਰੋਕਿਆ। ਹਮਲਾਵਰਾਂ ਨੇ ਭਾਗੀਦਾਰਾਂ 'ਤੇ ਸਰੀਰਕ ਤੌਰ 'ਤੇ ਹਮਲਾ ਕੀਤਾ, ਪਰ ਪੁਲਿਸ ਨੇ ਸਿਰਫ ਪੀੜਤਾਂ ਵਿਰੁੱਧ ਕੇਸ ਦਰਜ ਕੀਤੇ, ਜੋ ਕਿ ਪੱਖਪਾਤੀ ਕਾਨੂੰਨ ਲਾਗੂ ਕਰਨ ਨੂੰ ਉਜਾਗਰ ਕਰਦੇ ਹਨ। ਅਜਿਹੀਆਂ ਕਾਰਵਾਈਆਂ ਘੱਟ ਗਿਣਤੀ ਸਮੂਹਾਂ ਦਾ ਸ਼ੋਸ਼ਣ ਕਰਨ ਵਿੱਚ ਰਾਜ ਦੀ ਮਿਲੀਭੁਗਤ ਨੂੰ ਦਰਸਾਉਂਦੀਆਂ ਹਨ ਜਦੋਂ ਕਿ ਉਨ੍ਹਾਂ ਦੀ ਰੱਖਿਆ ਕਰਨ ਵਿੱਚ ਅਸਫਲ ਰਹੀਆਂ ਹਨ।

ਇਸੇ ਤਰ੍ਹਾਂ, ਹਿਮਾਚਲ ਪ੍ਰਦੇਸ਼ ਵਿੱਚ, ਕਸ਼ਮੀਰੀ ਮੁਸਲਮਾਨਾਂ ਨੂੰ ਜਾਇਜ਼ ਕਾਰੋਬਾਰ ਕਰਦੇ ਸਮੇਂ ਧਮਕੀਆਂ ਅਤੇ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਹੈ। ਫ੍ਰੀਡਮ ਪ੍ਰੈਸ ਕਸ਼ਮੀਰ ਨੇ ਰਿਪੋਰਟ ਦਿੱਤੀ ਕਿ 2025 ਖੇਤਰ ਵਿੱਚ ਕਸ਼ਮੀਰੀ ਵਪਾਰੀਆਂ ਵਿਰੁੱਧ 16ਵੀਂ ਹਿੰਸਕ ਘਟਨਾ ਸੀ। ਜਹਾਂਗੀਰ ਅਹਿਮਦ ਵਰਗੇ ਪੀੜਤ, ਜੋ 15 ਸਾਲਾਂ ਤੋਂ ਸ਼ਾਲਾਂ ਵੇਚ ਰਹੇ ਹਨ, ਨਿਸ਼ਾਨਾ ਬਣਾਏ ਹਮਲਿਆਂ ਵਿੱਚ ਬੁਰੀ ਤਰ੍ਹਾਂ ਜ਼ਖਮੀ ਹੋਏ ਹਨ।

ਰਾਜਨੀਤਿਕ ਨੇਤਾਵਾਂ ਅਤੇ ਅਧਿਕਾਰ ਸਮੂਹਾਂ ਨੇ ਇਨ੍ਹਾਂ ਕਾਰਵਾਈਆਂ ਦੀ ਨਿੰਦਾ ਕੀਤੀ ਹੈ, ਕਾਨੂੰਨੀ ਜਵਾਬਦੇਹੀ ਦੀ ਮੰਗ ਕੀਤੀ ਹੈ। ਮਹਿਬੂਬਾ ਮੁਫਤੀ ਨੇ ਕਸ਼ਮੀਰੀ ਵਪਾਰੀਆਂ ਵਿਰੁੱਧ ਹਿੰਸਾ ਦੀ ਆਲੋਚਨਾ ਕੀਤੀ ਹੈ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਮਨੁੱਖੀ ਅਧਿਕਾਰ ਨਿਰੀਖਕਾਂ ਦਾ ਤਰਕ ਹੈ ਕਿ ਅਜਿਹੀਆਂ ਘਟਨਾਵਾਂ ਹਿੰਦੂਤਵ ਏਜੰਡੇ ਤਹਿਤ ਘੱਟ ਗਿਣਤੀਆਂ ਵਿਰੁੱਧ ਭਾਰਤ ਦੇ ਪ੍ਰਣਾਲੀਗਤ ਵਿਤਕਰੇ ਨੂੰ ਦਰਸਾਉਂਦੀਆਂ ਹਨ।ਮੁਸਲਿਮ ਭਾਈਚਾਰਿਆਂ 'ਤੇ ਵਾਰ-ਵਾਰ ਹੋਣ ਵਾਲੇ ਹਮਲੇ ਭਾਰਤ ਵਿੱਚ ਘੱਟ ਗਿਣਤੀਆਂ ਦੁਆਰਾ ਦਰਪੇਸ਼ ਵਧਦੀ ਅਸਹਿਣਸ਼ੀਲਤਾ ਅਤੇ ਖ਼ਤਰੇ ਨੂੰ ਉਜਾਗਰ ਕਰਦੇ ਹਨ। ਵਿਸ਼ਲੇਸ਼ਕਾਂ ਨੇ ਚੇਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਕਾਨੂੰਨੀ ਸੁਰੱਖਿਆ ਲਾਗੂ ਨਹੀਂ ਕੀਤੀ ਜਾਂਦੀ, ਇਹ ਦੁਰਵਿਵਹਾਰ ਸੰਭਾਵਤ ਤੌਰ 'ਤੇ ਜਾਰੀ ਰਹਿਣਗੇ, ਸਮਾਜਿਕ ਏਕਤਾ ਅਤੇ ਅੰਤਰਰਾਸ਼ਟਰੀ ਧਾਰਨਾਵਾਂ ਨੂੰ ਪ੍ਰਭਾਵਿਤ ਕਰਨਗੇ।

## ਛੱਤੀਸਗੜ੍ਹ: ਮਾਈਨਿੰਗ ਵਿਰੋਧੀ ਵਿਰੋਧ ਪ੍ਰਦਰਸ਼ਨ ਹੋਇਆ ਹਿੰਸਕ: ਆਪਣੀ ਜ਼ਮੀਨ ਨਹੀਂ ਵੇਚਾਂਗੇ

ਨਵੀਂ ਦਿੱਲੀ: ਛੱਤੀਸਗੜ੍ਹ ਦੇ ਰਾਏਗੜ੍ਹ ਜ਼ਿਲ੍ਹੇ ਦੇ ਤਾਮਨਾਰ ਬਲਾਕ ਦੇ 14 ਪਿੰਡਾਂ ਦੇ ਹਜ਼ਾਰਾਂ ਸਥਾਨਕ ਲੋਕ ਪਿਛਲੇ ਕਈ ਦਿਨਾਂ ਤੋਂ ਇੱਕ ਕੋਲਾ ਖਾਣ ਪ੍ਰੋਜੈਕਟ ਦੇ ਵਿਰੁੱਧ ਪ੍ਰਦਰਸ਼ਨ ਕਰ ਰਹੇ ਹਨ।

ਇੰਡੀਅਨ ਐਕਸਪ੍ਰੈਸ ਦੀ ਇੱਕ ਰਿਪੋਰਟ ਦੇ ਅਨੁਸਾਰ, ਉਨ੍ਹਾਂ ਦਾ ਕਹਿਣਾ ਹੈ ਕਿ ਉਹ ਆਪਣੀ ਖੇਤੀਬਾੜੀ ਜ਼ਮੀਨ ਨਹੀਂ ਛੱਡਣਾ ਚਾਹੁੰਦੇ, ਜੋ ਪੀੜ੍ਹੀਆਂ ਤੋਂ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਇੱਕੋ ਇੱਕ ਸਰੋਤ ਰਹੀ ਹੈ।

ਪਿਛਲੇ ਸ਼ਨੀਵਾਰ, ਵਿਰੋਧ ਪ੍ਰਦਰਸ਼ਨ ਹਿੰਸਕ ਹੋ ਗਿਆ, ਜਿਸ ਵਿੱਚ ਕਈ ਵਾਹਨਾਂ ਨੂੰ ਅੱਗ ਲਗਾ ਦਿੱਤੀ ਗਈ ਅਤੇ ਪੁਲਿਸ ਨਾਲ ਝੜਪਾਂ ਹੋਈਆਂ। ਇਸ ਘਟਨਾ ਤੋਂ ਇੱਕ ਦਿਨ ਬਾਅਦ, ਜ਼ਿਲ੍ਹਾ ਪ੍ਰਸ਼ਾਸਨ ਨੇ ਪ੍ਰਦਰਸ਼ਨਕਾਰੀਆਂ ਦੀ ਮੁੱਖ ਮੰਗ ਨੂੰ ਸਵੀਕਾਰ ਕਰ ਲਿਆ ਕਿ ਪ੍ਰੋਜੈਕਟ ਲਈ 8 ਦਸੰਬਰ ਨੂੰ ਹੋਈ ਜਨਤਕ ਸੁਣਵਾਈ ਦੇ ਨਤੀਜੇ ਰੱਦ ਕੀਤੇ ਜਾਣ।

ਇਸ ਦੌਰਾਨ, ਜਿੰਦਲ ਗਰੁੱਪ, ਜਿਸਨੇ ਨਿਲਾਮੀ ਰਾਹੀਂ ਪ੍ਰੋਜੈਕਟ ਹਾਸਲ ਕੀਤਾ ਹੈ, ਨੇ ਕਿਹਾ ਕਿ ਉਹ ਹੱਲ ਲੱਭਣ ਲਈ ਸਥਾਨਕ ਨਿਵਾਸੀਆਂ ਨਾਲ ਗੱਲਬਾਤ ਜਾਰੀ ਰੱਖੇਗਾ।


KEEPING DREAMS ALIVE





Together we can help break the cycle of poverty.

ਪੰਜਾਬ ਦੇ ਲੋੜਵੰਦ ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਪੈਰਾਂ ਤੇ ਖੜਾ ਕਰੀਏ।

SAF CANADA
safcanada.org
SAF is a registered Charitable organisation

ਸਰੀ ਦੇ ਸਥਾਨਕ ਨੌਜਵਾਨਾਂ ਵੱਲੋਂ ਸ਼ੁਰੂ ਕੀਤੇ ਸੇਵਾ ਕਾਰਜ - ਲੋੜਵੰਦਾ ਦੇ ਘਰ ਬਨਾਉਣੇ, ਬੇਸਹਾਰਾ ਬਜੁਰਗਾਂ ਨੂੰ ਮਹੀਨਾਵਾਰ ਪੈਨਸ਼ਨ, ਸਿਕਲੀਗਰ ਸਿੱਖਾਂ ਦੇ ਬੱਚਿਆਂ ਲਈ ਇਕ ਮੁਫ਼ਤ ਸਕੂਲ (110 ਬੱਚੇ), ਪੰਜਾਬ ਦੇ 200 ਬੱਚੇ ਪੜਾਉਣੇ-ਜਿਆਦਾਤਰ ਖੁਦਕੁਸ਼ੀ ਕ੍ਰਿਸਾਨਾ ਦੇ ਜਾਂ ਵਿਧਵਾ ਬੀਬੀਆਂ ਦੇ, 7 ਗੁਰਮਤਿ ਸੈਂਟਰ ਆਦਿ ਕਾਰਜ ਨਿਰੰਤਰ ਜਾਰੀ ਹਨ

# ਰਾਜਬੀਰ (ਰਾਜੂ) ਕਬੱਡੀ ਕਲੱਬ ਸਰੀ ਵੱਲੋਂ ਸ਼ਾਨਦਾਰ ਸਾਲਾਨਾ ਸਮਾਗਮ

ਸਰੀ, (ਹਰਦਮ ਮਾਨ)- ਰਾਜਬੀਰ (ਰਾਜੂ) ਕਬੱਡੀ ਕਲੱਬ ਸਰੀ ਵੱਲੋਂ ਬੀਤੇ ਦਿਨੀਂ ਗਰੈਂਡ ਤਾਜ ਬੈਂਕੁਇਟ ਹਾਲ, ਸਰੀ ਵਿਖੇ ਆਪਣਾ ਸਾਲਾਨਾ ਸਮਾਗਮ ਸ਼ਾਨਦਾਰ ਅਤੇ ਯਾਦਗਾਰੀ ਢੰਗ ਨਾਲ ਕਰਵਾਇਆ ਗਿਆ। ਇਸ ਸਮਾਗਮ ਵਿੱਚ ਕਬੱਡੀ ਖਿਡਾਰੀਆਂ, ਕਬੱਡੀ ਪ੍ਰੇਮੀਆਂ, ਖੇਡ ਨੂੰ ਉਤਸ਼ਾਹਿਤ ਕਰਨ ਵਾਲੀਆਂ ਸ਼ਖ਼ਸੀਅਤਾਂ ਦੇ ਨਾਲ-ਨਾਲ ਸਰੀ ਅਤੇ ਆਸ-ਪਾਸ ਦੇ ਖੇਤਰਾਂ ਤੋਂ ਰਾਜਨੀਤਿਕ, ਸਮਾਜਿਕ ਅਤੇ ਸੱਭਿਆਚਾਰਕ ਆਗੂਆਂ ਨੇ ਸ਼ਮੂਲੀਅਤ ਕੀਤੀ। ਸਮਾਗਮ ਦੇ ਆਗਾਜ਼ ਵਿੱਚ ਕਲੱਬ ਦੇ ਪ੍ਰਧਾਨ ਮਨਦੀਪ ਬਦੇਸ਼ਾ ਨੇ ਸਭ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਕਲੱਬ ਦੀ ਸਾਲ ਭਰ ਦੀਆਂ ਸਰਗਰਮੀਆਂ, ਨੌਜਵਾਨਾਂ ਨੂੰ ਕਬੱਡੀ ਵੱਲ ਪ੍ਰੇਰਿਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਅਤੇ ਭਵਿੱਖੀ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਵਿਸ਼ੇਸ਼ ਤੌਰ ‘ਤੇ ਸਰੀ ਨਿਊਟਨ ਤੋਂ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ, ਐਮਐਲਏ ਮਨਦੀਪ ਸਿੰਘ ਧਾਲੀਵਾਲ, ਡੈਲਟਾ ਸਿਟੀ ਦੇ ਮੇਅਰ ਜੌਰਜ ਵੀ. ਹਾਰਵੀ, ਸਕੂਲ ਟਰਸਟੀ ਜੱਸੀ ਦੁਸਾਂਝ, ਸਰੀ ਸਿਟੀ ਦੇ ਸਾਬਕਾ ਮੇਅਰ ਡਗ ਮਕੱਲਮ, ਕੌਂਸਲਰ ਮਨਦੀਪ ਨਾਗਰਾ, ਸਕੂਲ ਟਰਸਟੀ ਗੈਰੀ ਥਿੰਦ, ਐਡਵੋਕੇਟ ਰਾਜਬੀਰ ਢਿੱਲੋਂ ਅਤੇ ਪ੍ਰਸਿੱਧ ਗੀਤਕਾਰ ਜਸਬੀਰ ਗੁਣਾਚੌਰੀਆ ਨੇ ਸ਼ਿਰਕਤ ਕੀਤੀ। ਸਾਰੇ ਬੁਲਾਰਿਆਂ ਨੇ ਕਲੱਬ ਦੇ ਯਤਨਾਂ ਦੀ ਭਰਪੂਰ ਪ੍ਰਸੰਸਾ ਕਰਦਿਆਂ ਕਿਹਾ ਕਿ ਇਹ ਕਲੱਬ ਸਰੀ ਅਤੇ ਇਸ ਖੇਤਰ ਦੇ ਨੌਜਵਾਨਾਂ ਨੂੰ ਕਬੱਡੀ ਵਰਗੀ ਪਰੰਪਰਾਗਤ ਖੇਡ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਨੌਜਵਾਨ ਪੀੜ੍ਹੀ ਨੂੰ ਸਿਹਤਮੰਦ ਜੀਵਨਸ਼ੈਲੀ ਅਤੇ ਅਨੁਸ਼ਾਸਨ ਵੱਲ ਲਿਜਾਣ ਦਾ ਮਜ਼ਬੂਤ ਸਾਧਨ ਹੈ।

ਸਮਾਗਮ ਦੌਰਾਨ ਹਾਜ਼ਰ ਦਰਸ਼ਕਾਂ ਲਈ ਰੰਗਾਰੰਗ ਮਨੋਰੰਜਨਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ, ਜਿਸ ਵਿੱਚ ਸ਼ਾਮ ਪੰਡੋਰੀਵਾਲਾ, ਸੁਰਿੰਦਰ ਭਲਵਾਨ, ਨਵੀਂ ਮਾਣਕ, ਕਮਲ ਢੱਟ, ਪੰਮਾ ਸੁੱਖਪੁਰੀਆ, ਲੱਖਾ ਸਿੱਧਵਾਂ ਅਤੇ ਰਿੰਪੀ ਗਰੇਵਾਲ ਨੇ ਆਪਣੇ ਲੋਕਪ੍ਰਿਯ ਗੀਤਾਂ ਨਾਲ ਮਾਹੌਲ ਨੂੰ ਖੁਸ਼ਗਵਾਰ ਬਣਾਇਆ। ਦਰਸ਼ਕਾਂ ਨੇ ਇਸ ਸੰਗੀਤਮਈ ਪ੍ਰੋਗਰਾਮ ਦਾ ਭਰਪੂਰ ਆਨੰਦ ਮਾਣਿਆ। ਸਮੁੱਚੇ ਪ੍ਰੋਗਰਾਮ ਦੀ ਕਾਮਯਾਬੀ ਲਈ ਕਲੱਬ ਦੇ ਚੇਅਰਮੈਨ ਬਿੱਲਾ ਖੇਲਾ, ਵਾਈਸ ਪ੍ਰਧਾਨ ਬਿੱਟੂ ਦਿਓਲ, ਸਕੱਤਰ ਮਨਜੀਤ ਬਹਾਰੀਪੁਰ, ਵਾਈਸ ਸਕੱਤਰ ਜੱਗਾ ਰਾਏ, ਖ਼ਜ਼ਾਨਚੀਆਂ ਜੀਵਨ ਦਿਓਲ, ਨਿੱਕਾ ਜਵੰਦਾ ਅਤੇ ਇੰਦਰਜੀਤ ਬੁੱਟਰ ਨੇ ਸਰਗਰਮ ਭੂਮਿਕਾ ਨਿਭਾਈ । ਇਨ੍ਹਾਂ ਤੋਂ ਇਲਾਵਾ ਡਾਇਰੈਕਟਰਾਂ ਵਿੱਚੋਂ ਸੁੱਖਾ ਮਾਹਲ, ਨਛੱਤਰ ਬਾਠ, ਪਰਮਜੀਤ ਦੁਸਾਂਝ, ਲਾਲਾ ਭਲਵਾਨ, ਅਮਨ ਹੇਅਰ ਅਤੇ ਪਿੰਕਾ ਪੱਡਾ, ਮੁੱਖ ਆਰਗੇਨਾਈਜ਼ਰ ਮੋਹਨ ਹੀਰ, ਆਰਗੇਨਾਈਜ਼ਰ ਅਮਨ ਗਿੱਲ ਦੇ ਨਾਲ-ਨਾਲ ਵਿੱਕੀ ਜੋਹਲ, ਦਲੇਰ ਪੱਡਾ ਅਤੇ ਗੁਰਪ੍ਰੀਤ ਰਾਏ ਵੱਲੋਂ ਵੀ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਸਮਾਗਮ ਦੇ ਅੰਤ ਵਿੱਚ ਕਲੱਬ ਦੇ ਸਾਰੇ ਖਿਡਾਰੀਆਂ ਅਤੇ ਹਾਜ਼ਰ ਮਹਿਮਾਨਾਂ ਨੂੰ ਯਾਦਗਾਰੀ ਮੋਮੈਂਟੋ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਹ ਸਮਾਗਮ ਕਬੱਡੀ ਖੇਡ ਦੇ ਪ੍ਰਚਾਰ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੀ ਦਿਸ਼ਾ ਵਿੱਚ ਇੱਕ ਸਫਲ ਅਤੇ ਪ੍ਰੇਰਣਾਦਾਇਕ ਕਦਮ ਰਿਹਾ।








THE GRAND TAJ
BANQUET HALL
Khalsa Business Centre, 84th Ave. & 128th St., Surrey
CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more
ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com
Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS
Capacity from 100 to 1200
Ladies Parties Special



THE GRAND EMPIRE
Perfect for Weddings, Parties, Corporate Events & More
604-594-4333
Elegant Spaces Exceptional SErvice
#210-12888-80Ave, Surrey

# ਆਓ, ਨਵੇਂ ਵਰ੍ਹੇ 'ਚ 'ਕਿਤਾਬ ਇਨਕਲਾਬ' ਲਿਆਈਏ!

# 'ਆਪਾਂ ਕੌਮ ਹਾਂ' ਸ਼ਬਦ ਦੀ ਕਿੱਥੇ ਗਈ ਕਿਤਾਬ?



ਅਸੀਂ ਸ਼ਬਦ ਦੀ ਕੌਮ ਹਾਂ। ਅਸੀਂ ਵਡਭਾਗੇ ਹਾਂ ਕਿ ਸਾਨੂੰ ਗੁਰੂ ਸਾਹਿਬਾਨ ਨੇ ਸ਼ਬਦ ਨਾਲ ਜੋੜਿਆ ਹੈ। ਗੁਰੂ ਗ੍ਰੰਥ ਸਾਹਿਬ, ਮਨੁੱਖ ਦੇ ਜੀਵਨ ਦਾ ਰੂਹਾਨੀ ਮਕਸਦ ਬਿਆਨਦੇ ਹੋਇਆਂ, ਸਾਨੂੰ ਸੱਚ ਹੱਕ ਅਤੇ ਇਨਸਾਫ ਦਾ ਸਬਕ ਸਿਖਾਉਂਦੇ ਹਨ। ਗੁਰੂ ਨਾਨਕ ਪਾਤਸ਼ਾਹ ਦੇ ਸ਼ਬਦ "ਆਸਾ ਮਹਲਾ ਪਹਿਲਾ ਚਉਪਦੇ॥ ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ (ਗੁਰੂ ਗ੍ਰੰਥ ਸਾਹਿਬ, ਅੰਗ 356) ਭਾਵ ਵਿਦਿਆ ਪ੍ਰਾਪਤ ਕਰ ਕੇ ਜੋ ਮਨੁੱਖ ਦੂਜਿਆਂ ਨਾਲ ਭਲਾਈ ਕਰਨ ਵਾਲਾ ਹੋ ਗਿਆ ਹੈ, ਤਾਂ ਉਹ ਵਿੱਦਿਆ ਪਾ ਕੇ ਵਿਚਾਰਵਾਨ ਬਣਿਆ ਹੈ। ਪੜ੍ਹਾਈ ਕਰਨੀ ਤਾਂ ਹੀ ਸਫ਼ਲ ਹੈ, ਜੇਕਰ ਪੜ੍ਹਾਈ ਕਰਨ ਨਾਲ ਜੀਵਨ ਅੰਦਰ ਪਰਉਪਕਾਰ ਪੈਦਾ ਹੋਵੇ। ਇਉਂ ਹੀ ਗੁਰੂ ਅੰਗਦ ਸਾਹਿਬ ਦਾ ਫੁਰਮਾਨ ਹੈ, "ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥ (ਸਲੋਕ ਮ□ ਦੂਜਾ, ਗੁਰੂ ਗ੍ਰੰਥ ਸਾਹਿਬ ਅੰਗ : 146) ਭਾਵ ਸੱਤ ਪਹਰ ਭਲਾ ਆਚਰਨ ਬਣਾਉਣ ਲਈ, ਪੜ੍ਹਿਆਂ -ਲਿਖਿਆਂ ਭਾਵ ਗੁਰਮੁਖਾਂ ਪਾਸ ਬੈਠਣਾ ਚਾਹੀਦਾ ਹੈ।

ਕਿਤਾਬ ਵਰਗਾ ਤੋਹਫ਼ਾ ਹੋਰ ਕੋਈ ਨਹੀਂ ਹੋ ਸਕਦਾ। ਅਸੀਂ ਨਵੇਂ ਵਰ੍ਹੇ, ਜਨਮ ਦਿਨ, ਵਿਆਹ-ਸ਼ਾਦੀ, ਵਿਸ਼ੇਸ਼ ਦਿਹਾੜੇ ਅਤੇ ਸਨਮਾਨ ਆਦਿ ਮੌਕੇ ਖਾਣ - ਪੀਣ ਜਾਂ ਪਹਿਨਣ ਲਈ ਤਾਂ ਬਹੁਤ ਕੁਝ ਭੇਂਟ ਕਰਦੇ ਹਾਂ, ਪਰ ਪੜ੍ਹਨਯੋਗ ਭੇਟਾ ਵਿੱਚ ਹੱਥ ਤੰਗ ਰੱਖਦੇ ਹਾਂ, ਜਦ ਕਿ ਸਭ ਤੋਂ ਵੱਧ ਯਾਦਗਾਰੀ ਸੌਗਾਤ ਪੁਸਤਕ ਹੀ ਕਹੀ ਜਾ ਸਕਦੀ ਹੈ। ਆਪਣੇ ਜੀਵਨ ਸਫ਼ਰ 'ਚ ਉਹ ਘੜੀ ਮੇਰੇ ਲਈ ਅਭੁੱਲ ਰਹੀ ਹੈ, ਜਦੋਂ ਵਿਆਹ ਮੌਕੇ ਅਨੇਕਾਂ ਪਿਆਰਿਆਂ ਦੇ ਵੱਖ-ਵੱਖ ਤੋਹਫ਼ਿਆਂ ਨਾਲੋਂ, ਬਲਜੀਤ ਦੀ ਭੇਂਟ ਕੀਤੀ 'ਸ਼ਿਵ ਕੁਮਾਰ ਬਟਾਲਵੀ ਦੇ ਸੰਪੂਰਨ ਕਾਵਿ ਰਚਨਾ' ਵਧੇਰੇ ਕੀਮਤੀ ਹੋ ਨਿਬੜੀ। ਕੈਨੇਡਾ ਰਵਾਨਾ ਹੋਣ ਵੇਲੇ ਬੈਗ 'ਚ ਟਿਕਾਏ ਹੋਰ ਸਾਮਾਨ ਤੋਂ ਪਹਿਲਾਂ ਜਗ੍ਹਾ, ਉਸ ਕਿਤਾਬ ਦੀ ਹੀ ਸੀ। ਮਗਰੋਂ ਪੰਜਾਬ ਤੋਂ ਕੈਨੇਡਾ ਪਰਤਦਿਆਂ ਹਰ ਗੇੜ੍ਹੇ ਦਰਜਨਾਂ ਕਿਤਾਬਾਂ ਨਾਲ ਲਿਆਉਣ ਅਤੇ ਸੰਗੀਆਂ ਸਾਥੀਆਂ ਤੋਂ ਮੰਗਵਾਉਣ ਦੇ ਸੁਭਾਅ ਕਾਰਨ , ਪੰਜਾਬ ਵਾਂਗ ਕੈਨੇਡਾ ਵਿਚਲੇ ਘਰ ਅੰਦਰ ਹਜ਼ਾਰ ਤੋਂ ਵੱਧ ਕਿਤਾਬਾਂ ਦੀ ਲਾਇਬਰੇਰੀ ਸ਼ਿੰਗਾਰ ਬਣ ਚੁੱਕੀ ਹੈ। ਪੰਜਾਬੀ ਜੇ ਖ਼ਰੀਦੋ-ਫ਼ਰੋਖ਼ਤ ਕਰਦਿਆਂ, ਕਿਤਾਬਾਂ ਅਤੇ ਹੋਰ ਲੋੜੀਂਦੇ ਸਮਾਨ ਵਿਚਕਾਰ ਸੰਤੁਲਨ ਹੀ ਕਾਇਮ ਕਰ ਲੈਣ, ਤਾਂ ਵੀ ਗਿਆਨ ਦੀ ਲਹਿਰ ਪੈਦਾ ਹੋ ਸਕਦੀ ਹੈ। ਇਸ ਦਾ ਅਸਰ ਕਬੂਲਦਿਆਂ ਲੋਕਾਂ ਨੂੰ ਪੁਸਤਕਾਂ ਪੜ੍ਹਨ ਲਈ ਹਲੂਣਾ ਮਿਲੇਗਾ।

ਜਿਸ ਦਿਨ ਪੰਜਾਬੀਆਂ ਅੰਦਰ 'ਕਿਤਾਬ ਸੱਭਿਆਚਾਰ' ਪੈਦਾ ਹੋ ਗਿਆ, ਉਸ ਦਿਨ ਗਿਆਨ ਦੇ ਸੂਰਜ ਦੇ ਮਘਣ ਨਾਲ, ਮਨ ਦਾ ਵਿਹੜਾ ਸਚਮੁੱਚ ਪ੍ਰਕਾਸ਼ਮਾਨ ਹੋ ਜਾਏਗਾ ਅਤੇ ਉਹ ਦਿਹਾੜਾ ਮਾਂ ਬੋਲੀ ਪੰਜਾਬੀ ਦਾ ਸੁਨਹਿਰੀ ਸਮਾਂ ਹੋਵੇਗਾ। ਆਓ! ਪੰਜਾਬੀਓ, ਨਵੇ ਵਰ੍ਹੇ 'ਤੇ ਨਵਾਂ ਸੰਕਲਪ ਲੈ ਕੇ ਸ਼ਰਾਬ ਦਾ ਛੇਵਾਂ ਦਰਿਆ ਬੰਦ ਕਰਕੇ, ਕਿਤਾਬ ਦੇ ਗਿਆਨ ਰੂਪੀ ਦਰਿਆ ਦੇ ਵਹਿਣ ਦੇਸ਼-ਵਿਦੇਸ਼ਾਂ 'ਚ ਵਹਾ ਦਈਏ। ਕਿਤਾਬ ਇਨਕਲਾਬ ਲਿਆਉਣ ਲਈ ਵਾਰ-ਵਾਰ ਆਪਣੇ ਆਪ ਨੂੰ ਇਸ ਸਵਾਲ ਕਰੀਏ ;

'ਘਰ-ਘਰ ਅੰਦਰ 'ਬਾਰ' ਕਿਉਂ, ਕਿਸਮੋਂ-ਕਿਸਮ ਸ਼ਰਾਬ।

ਆਪਾਂ ਕੌਮ ਹਾਂ ਸ਼ਬਦ ਦੀ, ਕਿੱਥੇ ਗਈ ਕਿਤਾਬ ?'

ਇਸ ਸਮੇਂ ਆਪਣੇ ਆਪ ਨਾਲ ਇਹ ਗੰਭੀਰ ਵਿਚਾਰ ਕਰਨਾ ਲਾਹੇਵੰਦ ਹੋਏਗਾ ਕਿ ਕਿਤਾਬ ਦੀ ਸਾਡੇ ਜੀਵਨ ਵਿਚ ਕੀ ਅਹਿਮੀਅਤ ਹੈ। ਸੰਸਾਰ ਪ੍ਰਸਿੱਧ ਲੇਖਕ ਹੈਨਰੀ ਮਿਲਰ ਦਾ ਕਥਨ ਹੈ ਕਿ ਕਿਤਾਬ ਤੁਹਾਡੀ ਸਭ ਤੋਂ ਵਧੀਆ ਮਿੱਤਰ ਹੀ ਨਹੀਂ ਹੁੰਦੀ, ਸਗੋਂ ਇਹ ਤੁਹਾਡੇ ਮਿੱਤਰ ਬਣਾਉਂਦੀ ਵੀ ਹੈ। ਕਈ ਵਾਰ ਗੰਭੀਰ ਸਮੱਸਿਆਵਾਂ ਮੌਕੇ, ਕਿਤਾਬ ਹੀ ਸਾਨੂੰ ਢਾਰਸ ਦਿੰਦੀ ਹੈ। ਰੋਗੀਆਂ ਦੇ ਇਲਾਜ ਲਈ ਵੀ 'ਕਿਤਾਬ ਦੁੱਖਾਂ ਦੀ ਦਾਰੂ' ਹੈ। ਮਨੋਰੋਗਾਂ ਵਿਚ ਡੁਬਦੇ ਮਨੁੱਖ ਲਈ ਕਿਤਾਬ ਸਹਾਰਾ ਬਣਦੀ ਹੈ। ਫਰਾਂਸ ਦੇ ਲਿਖਾਰੀ ਮਾਰਸ਼ਲ ਪਰਾਊਸਤ ਦਾ ਕਹਿਣਾ ਹੈ ਕਿ ਕਿਤਾਬ, ਥੈਰੇਪੀ ਭਾਵ ਇਲਾਜ ਹੈ, ਜਦਕਿ ਪ੍ਰਸਿੱਧ ਚਿੰਤਕ ਸੈਮਮੂਅਲ ਕਰੋਥਰ ਨੇ, ਬਿਬਲੀਓਥੈਰਪੀ ਭਾਵ ਕਿਤਾਬ ਇਲਾਜ ਦੀ ਸੋਚ ਦਿੱਤੀ ਹੈ।

ਕਿਤਾਬ ਮਨੁੱਖ ਨੂੰ ਨਿਰਾਸ਼ਾ ਦੇ ਆਲਮ 'ਚੋਂ ਬਾਹਰ ਕੱਢਦੀ ਹੈ ਤੇ ਜਿਉਣ ਦਾ ਮਕਸਦ ਦਿੰਦੀ ਹੈ। ਕਿਤਾਬ ਦੀ ਮਹੱਤਤਾ ਬਾਰੇ ਪ੍ਰਸਿੱਧ ਵਿਦਵਾਨ ਜੰਗ ਬਹਾਦਰ ਗੋਇਲ ਦੀ ਕਿਤਾਬ 'ਸਾਹਿਤ ਸੰਜੀਵਨੀ' ਪੜ੍ਹਨ ਦਾ ਸੁਭਾਗ ਹਾਸਿਲ ਹੋਇਆ, ਜਿਸ ਨੇ ਮਨ ਅੰਦਰ ਭਰਪੂਰ ਉਤਸ਼ਾਹ ਜਗਾਇਆ। ਉਹ ਲਿਖਦੇ ਹਨ,"ਹਰ ਆਦਮੀ ਦੀ ਜ਼ਿੰਦਗੀ ਵਿੱਚ ਕਈ ਤਰ੍ਹਾਂ ਦੇ ਵਾ-ਵਰੋਲੇ, ਝੱਖੜ, ਤੂਫਾਨ ਆਉਂਦੇ ਰਹਿੰਦੇ ਹਨ, ਜੋ ਉਸ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਡਾਵਾਂ-ਡੋਲ ਕਰ ਸਕਦੇ ਹਨ। ਅਜਿਹੀ ਸਥਿਤੀ ਵਿੱਚ ਜਾਂ ਤਾਂ ਕੋਈ ਸੁਗੜ ਸਿਆਣਾ ਰਾਹ-ਦਿਸੇਰਾ ਬਣ ਸਕਦਾ ਹੈ ਤੇ ਜਾਂ ਕੋਈ ਪੁਸਤਕ ਸਹਾਈ ਸਿੱਧ ਹੋ ਸਕਦੀ ਹੈ। ਪੁਸਤਕ ਤੱਕ ਪਹੁੰਚਣਾ ਆਸਾਨ ਹੈ, ਕਦੇ ਕਦੇ ਤਾਂ ਇਹ ਇੱਕ ਹੱਥ ਦੇ ਫਾਸਲੇ 'ਤੇ ਹੀ ਪਈ ਮਿਲ ਜਾਂਦੀ ਹੈ, ਜਿਸਦਾ ਕੋਈ ਵਾਕ, ਕੋਈ ਸਤਰ, ਕੋਈ ਦ੍ਰਿਸ਼ਟਾਂਤ, ਕਿਸੇ ਜੀਵਨ-ਰੱਖਿਅਕ ਦਵਾਈ ਵਾਂਗ ਫੌਰੀ ਅਸਰ ਕਰਦਾ ਹੈ ਅਤੇ ਪਸਤ ਹੋਇਆ ਆਦਮੀ ਮੁੜ ਸਾਵਾਂ, ਤੰਦਰੁਸਤ ਅਤੇ ਉਰਜਾਵਾਨ ਮਹਿਸੂਸ ਕਰਨ ਲੱਗਦਾ ਹੈ।" ਪਰ ਅੱਜ ਪੂੰਜੀਵਾਦੀ ਸੋਚਾਂ ਵਿੱਚ ਗ੍ਰਸਿਆ ਹੋਇਆ ਮਨੁੱਖ ਕਿਤਾਬ ਨਾਲੋਂ ਟੁੱਟ ਰਿਹਾ ਹੈ, ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ :

ਅੱਜ ਪਦਾਰਥਵਾਦ ਨੇ, ਕੀਤੀ ਸੋਚ ਖ਼ਰਾਬ।
ਐਯਾਸ਼ੀ ਵਿੱਚ ਆਦਮੀ,ਬੈਠਾ ਛੱਡ ਕਿਤਾਬ।

ਦੂਜੇ ਪਾਸੇ ਮਨ ਨੂੰ ਤਸੱਲੀ ਦੇਣ ਵਾਲੀ ਗੱਲ ਇਹ ਹੈ ਕਿ ਅੱਜ ਦੁਨੀਆ ਭਰ ਵਿੱਚ ਅਜਿਹੇ ਸਰਵੇਖਣ ਹੋ ਰਹੇ ਹਨ, ਜਿੰਨਾਂ ਰਾਹੀਂ ਇਹ ਸੱਚ ਸਾਹਮਣੇ ਆ ਰਿਹਾ ਹੈ ਕਿ ਕਿਤਾਬਾਂ ਮਨੁੱਖ ਨੂੰ ਨਾ ਸਿਰਫ ਰੋਗ-ਮੁਕਤ ਕਰਦੀਆਂ ਹਨ, ਬਲਕਿ ਗਿਆਨਵਾਨ ਵੀ ਬਣਾਉਂਦੀਆਂ ਹਨ। ਦੁਨੀਆ ਦੀ ਪ੍ਰਕਾਸ਼ਨ ਸੰਸਥਾ 'ਗਲੈਕਸੀ ਕੁਇਕ ਰੀਡਜ਼' ਨੇ ਲਿਵਰਪੂਲ ਯੂਨੀਵਰਸਿਟੀ ਦੇ ਸਹਿਯੋਗ ਨਾਲ ਸਰਵੇ ਕਰਵਾਇਆ, ਜਿਸ ਅਨੁਸਾਰ 57 ਫੀਸਦੀ ਪਾਠਕਾਂ ਨੇ ਇਹ ਮੰਨਿਆ ਕਿ ਸਾਹਿਤ ਅਧਿਐਨ ਦੁਆਰਾ ਉਹਨਾਂ ਦੀ ਜ਼ਿੰਦਗੀ ਵਿੱਚ ਉਸਾਰੂ ਬਦਲਾਓ ਆਇਆ ਹੈ। 68 ਫੀਸਦੀ ਲੋਕਾਂ ਨੇ ਇਹ ਮੰਨਿਆ ਕਿ ਕਿਤਾਬਾਂ ਰਾਹੀਂ ਆਪਣੇ 'ਸੀਮਤ ਸੰਸਾਰ' ਚੋਂ ਬਾਹਰ ਨਿਕਲ ਕੇ, ਉਹ ਕਿੰਨੇ ਹੀ ਦੇਸ਼ਾਂ ਦੇਸ਼ਾਂਤਰਾਂ ਵਿਚ ਘੁੰਮ ਆਏ ਅਤੇ ਉਹਨਾਂ ਨੂੰ ਇਹ ਅਨੁਭਵ ਹੋਇਆ ਕਿ ਮਨੁੱਖ ਹਰ ਥਾਂ 'ਤੇ ਇੱਕੋ ਜਿਹਾ ਦੁੱਖ ਸੁੱਖ ਭੋਗ ਰਿਹਾ ਹੈ। 73 ਫੀਸਦੀ ਲੋਕਾਂ ਨੇ ਮੰਨਿਆ ਕਿ ਪੜ੍ਹਨ ਦੇ ਨਾਲ ਉਹਨਾਂ ਦੀ ਸੋਚ ਅਤੇ ਸਿਹਤ ਵਿੱਚ ਵਡਮੁੱਲਾ ਸੁਧਾਰ ਹੋਇਆ ਹੈ, ਜਦਕਿ 65 ਫੀਸਦੀ ਲੋਕਾਂ ਦਾ ਇਹ ਕਹਿਣਾ ਸੀ ਕਿ ਜਦੋਂ ਉਹਨਾਂ ਦੀ ਮਨੋਦਿਸ਼ਾ ਢਹਿੰਦੀ ਕਲਾ ਵਿੱਚ ਸੀ, ਤਾਂ ਪੁਸਤਕ ਨੇ ਉਹਨਾਂ ਦੀ ਸੋਚ ਸਕਾਰਾਤਮ ਅਤੇ ਚੜ੍ਹਦੀ ਕਲਾ ਵਿੱਚ ਬਦਲ ਦਿੱਤੀ। ਅਜਿਹੇ ਸਰਵੇਖਣਾ ਤੋਂ ਸੱਚ ਸਾਬਤ ਹੁੰਦਾ ਹੈ ਕਿ ਕਿਤਾਬਾਂ ਮਨੁੱਖੀ ਮਨ ਦੀਆਂ ਖਿੜਕੀਆਂ ਹਨ, ਜਿੰਨਾ ਰਾਹੀਂ ਤਾਜ਼ਾ ਗਿਆਨ ਮਨੁੱਖ ਅੰਦਰ ਜਾਂਦਾ ਹੈ ਅਤੇ ਅਗਿਆਨਤਾ ਦਾ ਹਨੇਰਾ ਦੂਰ ਹੁੰਦਾ ਹੈ ;

ਬਿਨਾਂ ਕਿਤਾਬੋਂ ਘੱਟ ਹੀ, ਹਾਸਲ ਹੋਏ ਗਿਆਨ।
ਘੁੱਪ ਹਨੇਰਾ ਹੋਏ ਜਿਓਂ, ਘਰ, ਬਿਨ ਰੌਸ਼ਨਦਾਨ।

ਕਿਤਾਬ ਦੀ ਮਹਾਨਤਾ ਤੋਂ ਜਾਣੂੰ ਹੋਣ ਦੇ ਬਾਵਜੂਦ ਪੰਜਾਬੀਆਂ ਅੰਦਰ ਕਿਤਾਬ ਸਭਿਆਚਾਰ ਅਜੇ ਤੱਕ ਮਜ਼ਬੂਤ ਨਹੀਂ ਹੋ ਸਕਿਆ, ਜਿਸ ਦਾ ਸਬੂਤ ਸਾਡੇ ਵੱਲੋਂ ਜੀਵਨ ਦੀਆਂ ਲੋੜਾਂ ਵਿੱਚ ਕਿਤਾਬ ਨੂੰ ਮੁੱਖ ਨਾ ਰੱਖਣਾ ਹੈ। ਇਸ ਦੀ ਮਿਸਾਲ ਇਥੋਂ ਮਿਲਦੀ ਹੈ ਕਿ ਅਸੀਂ ਖਰੀਦੋ ਫਰੋਖਤ ਵੇਲੇ, ਕਿਤਾਬ ਦੀ ਥਾਂ ਤੇ ਹੋਰਨਾਂ ਵਸਤੂਆਂ ਨੂੰ ਪਹਿਲ ਦਿੰਦੇ ਹਾਂ। ਢਾਈ ਦਹਾਕੇ ਪਹਿਲਾਂ ਵਾਪਰੀ ਇਕ ਘਟਨਾ ਅੱਜ ਪੂਰੀ ਤਰ੍ਹਾਂ ਚੇਤੇ ਹੈ, ਜਦੋਂ ਕੈਨੇਡਾ ਜਾਂਦਿਆਂ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਲੋੜੋਂ ਵੱਧ ਭਾਰ ਲਿਜਾ ਰਹੇ ਮੁਸਾਫਿਰਾਂ ਨੂੰ ਇਕ-ਇਕ ਕਰਕੇ ਰੋਕਿਆ ਜਾ ਰਿਹਾ ਸੀ। ਕਸਟਮ ਅਧਿਕਾਰੀਆਂ ਅਤੇ ਏਅਰ ਲਾਈਨਜ਼ ਸਟਾਫ਼ ਮੈਂਬਰਾਨ ਦੇ ਨਿਰਦੇਸ਼ ਅਨੁਸਾਰ ਸਮਾਨ ਨਿਸ਼ਚਿਤ ਵਜ਼ਨ ਤੋਂ ਵਧੇਰੇ ਹੋਣ ਦੀ ਸੂਰਤ 'ਚ, ਹਜ਼ਾਰਾਂ ਰੁਪਏ ਦੇਣ ਦੀਆਂ ਸ਼ਰਤਾਂ ਸਨ। ਬੱਸ ਫੇਰ ਕੀ ਸੀ, ਜਿਵੇਂ ਏਅਰਪੋਰਟ 'ਤੇ 'ਮੋਤੀਆ ਬਾਜ਼ਾਰ' ਹੀ ਲੱਗ ਗਿਆ ਹੋਵੇ। ਬਹੁਤ ਸਾਰੇ ਮੁਸਾਫਿਰ ਆਪਣੇ ਅਟੈਚੀ ਖੋਲ ਰਹੇ ਸਨ ਤੇ ਵਾਧੂ ਸਮਾਨ ਕੱਢ ਰਹੇ ਸਨ। ਹੈਰਾਨੀ ਇਸ ਗੱਲ ਦੀ ਸੀ ਕਿ ਹਰ ਕਿਸੇ ਦੇ ਬੈਗ ਕੱਪੜਿਆਂ ਨਾਲ ਤੁੰਨੇ ਹੋਏ ਸਨ। ਆਦਮੀਆਂ ਦੇ ਕੋਟ-ਪੈਂਟਾਂ ਸਣੇ, ਇਸਤਰੀਆਂ ਦੇ ਸੂਟਾਂ ਦੀ ਗਿਣਤੀ ਦਰਜਨਾਂ ਤੋਂ ਵੱਧ ਜਾਪ ਰਹੀ ਸੀ। ਵੱਡਾ ਦੁੱਖ ਇਸ ਗੱਲ ਦਾ ਸੀ ਕਿ ਇਕ-ਅੱਧੇ ਨੂੰ ਛੱਡ ਕੇ, ਕਿਸੇ ਦੇ ਸਮਾਨ 'ਚ 'ਕਿਤਾਬ' ਨਾਂਅ ਦੀ ਸ਼ੈਅ ਸ਼ਾਮਿਲ ਨਹੀਂ ਸੀ। ਜੇਕਰ ਕਿਸੇ ਭਲੇ-ਪੁਰਖ ਨੇ ਜ਼ੋਰ ਪਾ ਕੇ, ਕੁਝ ਪੁਸਤਕਾਂ ਖ਼ਰੀਦੀਆਂ ਵੀ ਸਨ, ਤਾਂ ਸਮਾਨ ਵਧਣ ਦੀ ਸੂਰਤ ਵਿਚ, ਅਟੈਚੀਆਂ 'ਚੋਂ ਬਾਹਰ ਕੱਢਣ ਦੇ ਲਈ ਕਿਤਾਬਾਂ ਦੀ ਹੀ ਚੋਣ ਹੋ ਰਹੀ ਸੀ। ਕਿਤਾਬਾਂ ਤੋਂ ਸੱਖਣੇ ਕੱਪੜਿਆਂ ਲੱਦੇ ਅਟੈਚੀ, ਗਿਆਨ ਵਿਹੂਣੇ ਲੋਕਾਂ ਦੀ ਮੂੰਹ ਬੋਲਦੀ ਤਸਵੀਰ ਜਾਪ ਰਹੇ ਸਨ।

ਕਿਤਾਬ ਮਨੁੱਖ ਦੀ ਸਭ ਤੋਂ ਮਹਾਨ ਸਰਮਾਇਆ ਹੈ ਅਤੇ ਗਿਆਨ ਨਾ- ਗੁਆਚਣ ਯੋਗ ਅਨਮੋਲ ਗਹਿਣਾ ਹੈ, ਪਰ ਪੰਜਾਬੀ ਕਿਤਾਬ ਅਤੇ ਗਿਆਨ ਤੋਂ ਵਿਹੂਣੇ ਹੁੰਦੇ ਜਾ ਰਹੇ ਹਨ। ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਦੀ ਗੱਲ ਵਿਸ਼ੇਸ਼ ਤੌਰ 'ਤੇ ਕੀਤੀ ਜਾਵੇ, ਤਾਂ ਹਰ ਵਰ੍ਹੇ ਵੱਖ-ਵੱਖ ਦੇਸ਼ਾਂ ਤੋਂ ਪੰਜਾਬੀ ਵਤਨ ਆ ਕੇ, ਕੁਝ ਹਫ਼ਤਿਆਂ ਵਿੱਚ ਹੀ ਲੱਖਾਂ ਰੁਪਏ ਖਰਚਦੇ ਹਨ। ਪੰਜਾਬੀਆਂ ਦਾ ਝੁਰਮਟ ਲੀੜੇ- ਲੱਤਿਆਂ ਦੀ ਮੰਡੀ 'ਚ ਤਾਂ ਠਾਠਾਂ ਮਾਰਦਾ ਨਜ਼ਰ ਆਵੇਗਾ, ਪਰ ਕਿਤਾਬਾਂ ਦੀਆਂ ਦੁਕਾਨਾਂ 'ਤੇ ਕੋਈ ਵਿਰਲਾ ਹੀ ਪੰਜਾਬੀ ਬੱਚਿਆਂ ਨੂੰ ਲੈ ਕੇ ਪੁੱਜੇਗਾ। ਇਹੀ ਕਾਰਨ ਹੈ ਕਿ ਬਹੁਤ ਸਾਰੇ ਪੰਜਾਬੀ ਪਰਿਵਾਰਾਂ ਦੇ ਬੱਚੇ ਪੰਜਾਬ ਦੀ ਵਿਰਾਸਤ, ਭਾਸ਼ਾ ਤੇ ਇਤਿਹਾਸ ਦੇ ਗਿਆਨ ਤੋਂ ਸੱਖਣੇ ਰਹਿ ਜਾਂਦੇ ਹਨ।

ਸਮੱਸਿਆ ਦੇ ਹੱਲ ਲਈ ਕਾਰਨਾਂ ਦੀ ਪੜਚੋਲ ਜ਼ਰੂਰੀ ਹੁੰਦੀ ਹੈ। ਚਿੰਤਾ ਦੀ ਗੱਲ ਇਹ ਹੈ ਕਿ ਪੰਜਾਬੀ ਚਾਹੇ ਵਿਦੇਸ਼ਾਂ 'ਚੋਂ ਆਉਣ ਜਾਂ ਪੰਜਾਬ 'ਚ ਹੀ ਰਹਿੰਦੇ ਹੋਣ, ਉਨ੍ਹਾਂ ਦੇ ਘਰਾਂ ਅੰਦਰ 'ਬੀਅਰ ਬਾਰ' ਤਾਂ 'ਆਮ' ਮਿਲ ਜਾਵੇਗੀ, ਪਰ 'ਲਾਇਬਰੇਰੀ' ਕਿਸੇ 'ਖਾਸ' ਘਰ 'ਚ ਹੀ ਨਜ਼ਰ ਆਵੇਗੀ। 'ਪਿਆਓ- ਪੀਓ ਐਸ਼ ਕਰੋ ਮਿੱਤਰੋ' ਵਾਲਾ ਸੁਭਾਅ ਸਾਨੂੰ ਗੰਭੀਰਤਾ ਤੋਂ ਕੋਹਾਂ ਦੂਰ ਲਿਜਾ ਰਿਹਾ ਹੈ। ਹੋਰ ਫ਼ਿਕਰਮੰਦੀ ਦੀ ਗੱਲ ਬਾਜ਼ਾਰ ਦੀ ਇਸ਼ਤਿਹਾਰਬਾਜ਼ੀ ਦੀ ਵੀ ਹੈ। ਜਿੰਨਾ ਪ੍ਰਚਾਰ ਬਾਜ਼ਾਰ 'ਚ ਸ਼ਰਾਬ ਦਾ ਹੋ ਰਿਹਾ ਹੈ, ਉਨਾਂ ਕਿਤਾਬਾਂ ਦਾ ਨਹੀਂ। ਪੰਜਾਬੀਆਂ ਦੀ ਮਾਨਸਿਕ ਦਿਵਾਲੀਏਪਣ ਦੀ ਨਿਸ਼ਾਨੀ ਹੈ ਕਿ ਉਹਨਾਂ "ਘਰ ਦੀ ਸ਼ਰਾਬ ਹੋਵੇ" ਗਾਉਣ ਵਾਲੇ ਗਾਇਕ ਨੂੰ ਤਾਂ ਪੰਜਾਬ ਦਾ ਮਾਣ ਕਹਿ ਕੇ ਸਨਮਾਨਿਆ, ਪਰ "ਹੱਥ ਚ ਕਿਤਾਬ ਹੋਵੇ" ਗਾਉਣ ਵਾਲਿਆਂ ਨੂੰ ਕਦੇ ਸਨਮਾਨ ਤੇ ਬਣਦਾ ਸਥਾਨ ਨਹੀਂ ਦਿੱਤਾ। ਇਸੇ ਕਾਰਨ ਤਾਂ ਇਉਂ ਜਾਪਦਾ ਹੈ ;

ਬੌਧਿਕ ਗਿਆਨ ਵਧਾਉਣ ਨੂੰ,
ਮਿਲਦੀ ਨਹੀਂ ਕਿਤਾਬ।
ਨਸ਼ਿਆਂ ਤਾਈਂ ਫੈਲਾਉਣ ਨੂੰ,
ਘਰ ਘਰ ਮਿਲੇ ਸ਼ਰਾਬ।

'ਪੁਸਤਕਾਂ ਸੱਭਿਆਚਾਰ' ਨੂੰ ਪ੍ਰਫੁਲਿਤ ਕਰਨ ਲਈ ਭਾਸ਼ਾਈ ਅਦਾਰਿਆਂ ਨੂੰ ਸਰਗਰਮੀ ਵਿਖਾਉਣੀ ਹੋਵੇਗੀ। ਇਸ ਸੰਦਰਭ ਵਿੱਚ ਪੰਜਾਬ ਅੰਦਰ ਅਦਾਰਾ ਭਾਸ਼ਾ ਵਿਭਾਗ, ਪੰਜਾਬ ਵਡਮੁੱਲਾ ਯੋਗਦਾਨ ਪਾ ਸਕਦਾ ਹੈ। ਮਿਸਾਲ ਵਜੋਂ ਪੰਜਾਬ ਦੀ ਹਰ ਜ਼ਿਲ੍ਹੇ ਅੰਦਰ ਭਾਸ਼ਾ ਮਹਿਕਮੇ ਦਾ ਦਫ਼ਤਰ ਹੈ ਤੇ ਜ਼ਿਲ੍ਹਾ ਭਾਸ਼ਾ ਅਫ਼ਸਰਾਂ ਦੀ ਜ਼ਿੰਮੇਵਾਰੀ ਹੋਵੇ ਕਿ ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਤੇ ਹੋਰ ਜਨਤਕ ਥਾਂਵਾਂ 'ਤੇ ਬੋਰਡ ਲਾ ਕੇ, ਚੰਗੀਆਂ ਪੁਸਤਕਾਂ ਖਰੀਦਣ ਲਈ ਲੋਕਾਂ ਨੂੰ ਉਤਸ਼ਾਹਿਤ ਕੀਤਾ ਜਾਵੇ। ਪੰਜਾਬੀਆਂ ਦੀਆਂ ਲੋੜਾਂ ਮੁੱਖ ਰਖਦਿਆਂ ਜੇਕਰ



ਇਹ ਅਦਾਰੇ ਸੇਵਾਵਾਂ ਦਾ ਪ੍ਰਬੰਧ ਕਰਨ, ਤਾਂ ਯਕੀਨਨ ਤੌਰ ਤੇ ਪਾਠਕਾਂ ਦੀ ਗਿਣਤੀ 'ਚ ਚੋਖਾ ਵਾਧਾ ਹੋਵੇਗਾ। ਵਿਦੇਸ਼ਾਂ ਵਿੱਚ ਵੀ ਵੱਧ ਤੋਂ ਵੱਧ ਕਿਤਾਬ ਘਰ ਸਥਾਪਿਤ ਕਰਨੇ ਚਾਹੀਦੇ ਹਨ ਜਿਵੇਂ ਕਿ ਨਵਨੀਤ ਕੌਰ ਨੇ ਪਿੱਛੇ ਜਿਹੇ ਕੈਨੇਡਾ ਦੇ ਸ਼ਹਿਰ ਵਿਨੀਪੈੱਗ ਵਿੱਚ 'ਨਵ ਸਵੇਰ ਕਿਤਾਬ ਘਰ' ਸਥਾਪਿਤ ਕਰਕੇ ਅਜਿਹਾ ਸ਼ਲਾਘਾਯੋਗ ਕਾਰਜ ਕੀਤਾ ਹੈ। ਇਸੇ ਤਰ੍ਹਾਂ ਸਰੀ ਵਿੱਚ ਖਾਲਸਾ ਲਾਇਬ੍ਰੇਰੀ ਅਤੇ ਟੋਰਾਂਟੋ, ਐਲਬਰਟਾ ਆਦਿ ਵਿੱਚ ਹੋਰ ਉਪਰਾਲੇ ਹੋਏ ਹਨ। ਅੱਜ ਪੰਜਾਬੀਆਂ ਨੂੰ ਹੋਰ ਬਾਜ਼ਾਰਾਂ ਨਾਲੋਂ 'ਮੋਬਾਇਲ ਲਾਇਬਰੇਰੀ' ਦੀ ਵੱਧ ਜ਼ਰੂਰਤ ਹੈ, ਤਾਂ ਕਿ ਅਗਲੀ ਪੀੜ੍ਹੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਮੂਲ ਭਾਵਨਾ ਤੋਂ ਜਾਣੂੰ ਹੋ ਸਕੇ। ਕਿਤਾਬਾਂ ਖਰੀਦਣ ਲਈ ਉਤਸ਼ਾਹ ਵਧਾਉਣ ਵਾਸਤੇ ਚੰਗੇ 'ਪੈਕੇਜ' ਬਣਾਏ ਜਾਣ, ਜਿਸ ਅਧੀਨ ਕੀਮਤੀ ਸਾਹਿਤਕ ਰਚਨਾਵਾਂ ਖਰੀਦਣ 'ਤੇ ਕੁਝ ਗਿਆਨ-ਵਧਾਊ ਪੁਸਤਕਾਂ ਵੀ ਦਿੱਤੀਆਂ ਜਾਣ। ਪੁਸਤਕਾਂ ਵੱਧ ਤੋਂ ਵੱਧ ਵੰਡੀਆਂ ਜਾਣ, ਤਾਂ ਕਿ ਪਾਠਕ ਵਰਗ ਵਿਚ ਵਾਧਾ ਹੋ ਸਕੇ। ਪੰਜਾਬ ਅੰਦਰ ਜਿਹੜਾ ਜ਼ਿਲ੍ਹਾ, ਨਗਰ ਜਾਂ ਪਿੰਡ ਅਜਿਹਾ ਕਰਨ ਵਿਚ ਵਧੇਰੇ ਸਫ਼ਲ ਹੋਵੇ, ਉਸ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇ, ਤਾਂ ਕਿ ਹੋਰਨਾਂ ਅੰਦਰ ਵੀ ਅਜਿਹਾ ਚਾਅ ਪੈਦਾ ਕੀਤਾ ਜਾ ਸਕੇ। ਅਜਿਹਾ ਕਾਰਜ ਹੀ ਯੂਨੀਵਰਸਿਟੀਆਂ ਤੇ ਕਾਲਜ ਵੀ ਕਰ ਸਕਦੇ ਹਨ। ਵਿਦਿਆ ਮਨੁੱਖ ਨੂੰ ਢਹਿੰਦੀ ਕਲਾ ਦੇ ਮਾਹੌਲ 'ਚੋਂ ਬਾਹਰ ਕੱਢਦੀ ਹੈ ਅਤੇ ਹੌਸਲਾ ਦੇ ਕੇ ਚੜ□ਦੀ ਕਲਾ ਦੇ ਰਾਹ 'ਤੇ ਤੋਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਵਿਦਿਆ ਦੀ ਮਹਾਨਤਾ ਨੂੰ ਵਿਚਾਰਿਆ ਹੈ। ਇੱਥੇ ਇਹ ਗੱਲ ਵੀ ਧਿਆਨ ਦੇਣ ਯੋਗ ਹੈ ਕਿ, ਪੜ੍ਹਾਈ ਦਾ ਉਹ ਰੂਪ ਜਿਹੜਾ ਲਭ, ਲੋਭ ਅਤੇ ਹੰਕਾਰ ਨੂੰ ਜਨਮ ਦਿੰਦਾ ਹੈ, ਉਸ ਦਾ ਗੁਰਬਾਣੀ ਨੇ ਖੰਡਨ ਕੀਤਾ ਹੈ। "ਪੜਿਆ ਮੂਰਖੁ ਆਖੀਐ,



ਜਿਸੁ ਲਬੁ ਲੋਭੁ ਅਹੰਕਾਰਾ॥" (ਗੁਰੂ ਗ੍ਰੰਥ ਸਾਹਿਬ, ਅੰਗ 140) ਇਸ ਤਰ੍ਹਾਂ ਹੀ "ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥" (ਅੰਗ 467) ਜਾਂ "ਪੜਿਆ ਹੋਵੈ ਗੁਨਹਗਾਰੁ, ਤਾ ਓਮੀ ਸਾਧੁ ਨ ਮਾਰੀਐ॥" (ਗੁਰੂ ਗ੍ਰੰਥ ਸਾਹਿਬ, ਅੰਗ 469) "ਪੜਿ ਪੜਿ ਲੂਝਹਿ ਬਾਦੁ ਵਖਾਣਹਿ, ਮਿਲਿ ਮਾਇਆ ਸੁਰਤਿ ਗਵਾਈ॥ " (ਗੁਰੂ ਗ੍ਰੰਥ ਸਾਹਿਬ ਅੰਗ :1131)

'ਆਸਾ ਕੀ ਵਾਰ' ਵਿਚਲੇ ਸਲੋਕ, ਸਲੋਕੁ ਮ: ਪਹਿਲਾ ॥

"ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥"
(ਗੁਰੂ ਗ੍ਰੰਥ ਸਾਹਿਬ, ਅੰਗ 467)

ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਜੇ ਇਤਨੀਆਂ ਪੋਥੀਆਂ ਪੜ੍ਹ ਲਈਏ, ਜਿਨ੍ਹਾਂ ਨਾਲ ਕਈ ਗੱਡੀਆਂ ਭਰ ਲਈਆਂ ਜਾ ਸਕਣ, ਜਿਨ੍ਹਾਂ ਦੇ ਢੇਰਾਂ ਦੇ ਢੇਰ ਲਗਾਏ ਜਾ ਸਕਣ, ਜੇ ਇਤਨੀਆਂ ਪੁਸਤਕਾਂ ਪੜ੍ਹ ਲਈਏ, ਜਿਨ੍ਹਾਂ ਨਾਲ ਇਕ ਬੇੜੀ ਭਰੀ ਜਾ ਸਕੇ, ਕਈ ਖਾਤੇ ਪੂਰੇ ਜਾ ਸਕਣ, ਜੇ ਪੜ੍ਹ ਪੜ੍ਹ ਕੇ ਸਾਲਾਂ ਦੇ ਸਾਲ ਗੁਜ਼ਾਰੇ ਜਾਣ, ਜੇ ਪੜ੍ਹ-ਪੜ੍ਹ ਕੇ ਸਾਲ ਦੇ ਸਾਰੇ ਮਹੀਨੇ ਬਿਤਾ ਦਿੱਤੇ ਜਾਣ; ਜੇ ਪੁਸਤਕਾਂ ਪੜ੍ਹ-ਪੜ੍ਹ ਕੇ ਸਾਰੀ ਉਮਰ ਗੁਜ਼ਾਰ ਦਿੱਤੀ ਜਾਏ, ਜੇ ਪੜ੍ਹ-ਪੜ੍ਹ ਕੇ ਚਾਹੇ ਕੋਈ ਮਨੁੱਖ ਜੀਵਨ ਦੇ ਸਾਰੇ ਸੁਆਸ ਹੀ ਪੜ੍ਹਾਈ 'ਤੇ ਲਗਾ ਦੇਵੇ। ਇੱਥੇ ਗੁਰੂ ਸਾਹਿਬ ਚੇਤਾਵਨੀ ਦੇ ਰਹੇ ਹਨ "ਨਾਨਕ ਲੇਖੈ ਇੱਕ ਗਲ ਹੋਰੁ ਹਉਮੈ ਝਖਣਾ ਝਾਖ॥" ਭਾਵ ਹੇ ਮਨੁੱਖ! ਤੂੰ ਪੜ੍ਹਾਈ ਤਾਂ ਕੀਤੀ, ਪਰ ਪੜ੍ਹਾਈ ਦੇ ਅਸਲ ਮਕਸਦ ਤੋਂ ਅਣਜਾਣ ਹੋਣ ਕਾਰਨ ਤੂੰ ਆਪਣੇ ਜੀਵਨ 'ਚ ਹਉਮੈ-ਵਿਕਾਰਾਂ ਨੂੰ ਹੀ ਪੱਠੇ ਪਾਏ ਤੇ ਝੱਖ ਹੀ ਮਾਰੀ ਹੈ। ਇਸ ਸ਼ਬਦ ਵਿੱਚ ਗੁਰੂ ਸਾਹਿਬ ਪੜ੍ਹਾਈ ਦਾ ਖੰਡਨ ਨਹੀਂ ਕਰ ਰਹੇ, ਬਲਕਿ ਪੜ੍ਹਾਈ ਦੇ ਸੱਚੇ ਸੁੱਚੇ ਇਲਾਹੀ ਮਕਸਦ ਤੋਂ ਬੇਮੁਖ ਵਿਅਕਤੀ ਨੂੰ ਸੇਧ ਰਹੇ ਹਨ। ਮੁਕਦੀ ਗੱਲ, ਨਵੇ ਵਰੇ ਦੀਆਂ ਬਰੂਹਾਂ 'ਤੇ ਖੜ ਕੇ ਜੇਕਰ ਗੁਰਬਾਣੀ ਦਾ ਇਹ ਸ਼ਬਦ ਅਸੀਂ ਆਤਮਸਾਤ ਕਰ ਲਈਏ, ਤਾਂ ਜੀਵਨ ਬਦਲ ਜਾਏਗਾ :

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥
{ ਗੁਰੂ ਗ੍ਰੰਥ ਸਾਹਿਬ, ਅੰਗ : 356}-

ਡਾ ਗੁਰਵਿੰਦਰ ਸਿੰਘ
:604-825-1550
ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.)
ਐਬਸਫੋਰਡ, ਕੈਨੇਡਾ


# ਹਮ ਰਾਖਤ ਪਾਤਸ਼ਾਹੀ ਦਾਵਾ ਵੱਲੋਂ ਸਿੱਖ ਪੰਥ ਦੇ ਲਹੂ ਭਿੱਜੇ ਇਤਿਹਾਸ ਨੂੰ ਸੰਗਤਾਂ ਤੱਕ ਪਹੁੰਚਾਣ ਲਈ ਨਗਰ ਕੀਰਤਨ ਵਿਚ ਨੌਜੁਆਨਾਂ ਨੇ ਵੰਡੀਆਂ ਫਰੀ ਕਿਤਾਬਾਂ




ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਦਸਮ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਮੌਕੇ ਦਿੱਲੀ ਕਮੇਟੀ ਵਲੋਂ ਸਜਾਏ ਗਏ ਨਗਰ ਕੀਰਤਨ ਵਿਚ ਨੌਜੁਆਨਾਂ ਨੇ ਬਹੁਤ ਸੋਹਣਾ ਉਪਰਾਲਾ ਕਰਦਿਆਂ ਜੱਥੇਬੰਦੀ "ਹਮ ਰਾਖਤ ਪਾਤਸ਼ਾਹੀ ਦਾਵਾ ਪੰਥ ਅਵੱਲ" ਪ੍ਰਚਾਰ ਸੇਵਾ ਰਾਹੀਂ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਨ ਲਈ ਨਗਰ ਕੀਰਤਨ ਵਿਚ ਕਿਤਾਬਾਂ ਦੇ ਨਾਲ ਵੱਖ ਵੱਖ ਮੁਦਿਆਂ ਦੇ ਪੰਪਲੇਟ ਵੰਡ ਕੇ ਆਪਣਾ ਦਸਵੰਧ ਲੇਖੇ ਲਗਾਇਆ । ਉਨ੍ਹਾਂ ਵਲੋਂ ਨਗਰ ਕੀਰਤਨ ਵਿਚ ਲਗਾਏ ਗਏ ਟਰੱਕ ਉਪਰ ਲਗਾਈ ਗਈ ਸੰਤ ਭਿੰਡਰਾਂਵਾਲਿਆਂ ਅਤੇ ਭਾਈ ਸੁਖਦੇਵ ਸਿੰਘ ਬੱਬਰ ਦੀ ਵਡ ਆਕਾਰੀ ਫੋਟੋ ਅਤੇ ਚਲ ਰਹੀਆਂ ਜੋਸ਼ੀਲੀ ਢਾਡੀ ਦੀਆਂ ਵਾਰਾਂ ਸੰਗਤਾਂ ਦਾ ਧਿਆਨ ਆਪਣੇ ਵਲ ਖਿੱਚ ਰਹੀ ਸੀ। ਇਸ ਬਾਰੇ ਜਾਣਕਾਰੀ ਦੇਂਦਿਆ ਭਾਈ ਦੀਪ ਸਿੰਘ ਨੇ ਦਸਿਆ ਕਿ ਆਪਣੇ ਲਹੂ ਭਿੱਜੇ ਇਤਿਹਾਸ ਨਾਲ ਜੋੜਨਾ ਬਹੁਤ ਜਰੂਰੀ ਹੈ ਜਿਸ ਨਾਲ ਉਨ੍ਹਾਂ ਨੂੰ ਪਹਿਲੇ ਗੁਰੂ ਸਾਹਿਬਾਨ ਤੋਂ ਲੈ ਕੇ ਦਸਮ ਪਾਤਸ਼ਾਹ ਜੀ ਦੇ ਗੁਰ ਇਤਿਹਾਸ ਦੇ ਨਾਲ ਸਿੰਘ, ਸਿੰਘਣੀਆਂ, ਭੁਜੰਗੀਆਂ ਵਲੋਂ ਦਿਤੀਆਂ ਗਈਆਂ ਸ਼ਹਾਦਤਾਂ, ਗੰਗੂ ਵਰਗਿਆਂ ਦਾ ਸਿੱਖਾਂ ਨਾਲ ਦਗਾ ਕਮਾਉਣਾ, ਮੁਗਲ ਹਕੂਮਤ ਉਪਰੰਤ ਹਿੰਦੁਸਤਾਨ ਦੀ ਆਜ਼ਾਦੀ ਲਈ ਸਿੱਖਾਂ ਦੀਆਂ ਕੁਰਬਾਣੀਆਂ ਉਪਰੰਤ ਸਰਕਾਰਾਂ ਵਲੋਂ ਸਿੱਖਾਂ ਨਾਲ ਕੀਤੇ ਗਏ ਵਿਸ਼ਾਘਾਤ ਨੂੰ ਸਿੱਖ ਪਨੀਰੀ ਨੂੰ ਦਸਣਾ ਬਹੁਤ ਜਰੂਰੀ ਹੈ ਇਸ ਲਈ ਅਸੀਂ ਕੇਸ, ਦਾਸਤਾਨ ਏ ਸ਼ਹਾਦਤ (ਗੁਰੂ ਤੇਗ ਬਹਾਦਰ ਸਾਹਿਬ ਜੀ) , ਸਾਕਾ ਚਮਕੌਰ (ਵੱਡੇ ਸਾਹਿਬਜਾਦਿਆਂ ਦੀ ਸ਼ਹੀਦੀ), ਗੁਰਮੁੱਖੀ ਲਿਪੀ ਬੋਧ (ਬਾਲ ਉਪਦੇਸ਼), ਨਸ਼ੇ ਮਨੁੱਖਤਾ ਦੇ ਦੁਸ਼ਮਣ, ਸਾਕਾ ਸਰਹਿੰਦ (ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ), ਧਰਤ ਅਨੰਦਪੁਰ ਦੀ ਵਰਗੀਆਂ ਕਿਤਾਬਾਂ ਫ੍ਰੀ ਵੰਡੀਆਂ ਹਨ। ਉਨ੍ਹਾਂ ਦਸਿਆ ਅੱਜ ਮੌਜੂਦਾ ਦੌਰ ਵਿਚ ਅਸੀਂ ਕੀਮਤੀ ਗਹਿਣੇ, ਕੱਪੜੇ, ਫ਼ਰਨੀਚਰ ਖ਼ਰੀਦਣ ਲਈ ਲੱਖਾਂ ਰੁਪਏ ਖ਼ਰਚ ਕਰਦੇ ਹਾਂ, ਵਿਆਹ-ਸ਼ਾਦੀ, ਸਮਾਗਮਾਂ, ਪਾਰਟੀਆਂ 'ਤੇ ਖ਼ਰਚ ਵੀਂ ਲੱਖਾਂ ਰੁਪਏ ਖਰਚ ਕਰ ਦੇਂਦੇ ਹਾਂ ਫਿਰ ਵੀ ਸਾਡੀ ਨੌਜਵਾਨ ਪੀੜ੍ਹੀ ਸਿੱਖੀ ਤੋਂ ਦੂਰ ਹੋ ਕੇ ਨਸ਼ਿਆਂ ਅਤੇ ਪਤਿਤਪੁਣੇ ਦੀ ਦਲਦਲ ਵਿਚ ਫਸਦੀ ਜਾ ਰਹੀ ਹੈ, ਸਾਡੀਆਂ ਬੱਚੀਆਂ ਦਾ ਫੋਕੇ ਵਿਖਾਵੇ, ਫ਼ੈਸ਼ਨ ਪ੍ਰਸਤੀ ਅਤੇ ਗੈਰ-ਸਿੱਖ ਲੜਕਿਆਂ ਵੱਲ ਧਿਆਨ ਜਾ ਰਿਹਾ ਹੈ। ਕਿਉਕਿ ਅਸੀਂ ਆਪਣੇ ਬੱਚਿਆਂ ਨੂੰ ਗੁਰ-ਇਤਿਹਾਸ, ਸਿੱਖ-ਇਤਿਹਾਸ, ਗੁਰਮਤਿ ਸਿਧਾਂਤ, ਸਿੱਖ ਮਾਣ ਮਰਿਆਦਾ ਨਾਲ ਸੰਬੰਧਿਤ ਸਾਹਿਤ/ਪੁਸਤਕਾਂ ਖ਼ਰੀਦ ਕੇ ਦੇਣ ਅਤੇ ਪੜ੍ਹਾਉਣ ਵਿਚ ਦਿਲਚਸਪੀ ਨਹੀਂ ਦਿਖਾਂਦੇ ਹਾਂ ਜਾ ਫਿਰ ਇਸ ਕੰਮ ਲਈ ਸਿੱਖ ਸਮਾਜ ਕੋਲ ਪੈਸਾ, ਸਮਾਂ, ਊਰਜਾ ਅਤੇ ਇੱਛਾ ਸ਼ਕਤੀ ਨਹੀਂ ਹੈ । ਉਨ੍ਹਾਂ ਕਿਹਾ ਜ਼ੇਕਰ ਸਮਾਂ ਰਹਿੰਦੇ ਅਸੀਂ ਨਹੀਂ ਚੇਤੇ ਤਾਂ ਜ਼ਰਾ ਸੋਚੋ, ਸਾਡਾ ਭਵਿੱਖ ਕੀ ਹੋਵੇਗਾ..??

SUPER SANDHU

ਸਾਨੂੰ ਕੈਨਰੀ, ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।





ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910
Charlie Sandhu: 604-864-7711

FRASERVIEW MEATS

The Name of Guaranteed Quality Meats





Number One Quality Meat in Lower Mainland

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

604-592-2900

#102-12047-80th Ave. Surrey (Besides Mega Fruticana)
www.fraserviewmeats.com

# 200 ਸਾਲਾ ਪੁਰਾਣੀ ਮਜ਼ਾਰ ਬਜਰੰਗ ਦਲ ਨੇ ਢਾਅ ਦਿੱਤੀ



ਨਵੀਂ ਦਿੱਲੀ: ਉੱਤਰ ਪ੍ਰਦੇਸ਼ ਦੇ ਫਤਿਹਪੁਰ ਜ਼ਿਲ੍ਹੇ ਦੇ ਮਾਵਾਈ ਪਿੰਡ ਵਿੱਚ ਮੰਗਲਵਾਰ (23 ਦਸੰਬਰ) ਨੂੰ 200 ਸਾਲ ਪੁਰਾਣੇ ਧਾਰਮਿਕ ਸਥਾਨ ਨੂੰ ਕਥਿਤ ਤੌਰ ‘ਤੇ ਢਾਹੁਣ ਦੇ ਮਾਮਲੇ ਵਿੱਚ ਪੁਲਿਸ ਨੇ ਬਜਰੰਗ ਦਲ ਦੇ ਇੱਕ ਕੋਆਰਡੀਨੇਟਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਅੱਠ ਹੋਰ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ। ਇਸ ਘਟਨਾ ਦਾ ਇੱਕ ਵੀਡੀਓ ਸੋਸ਼ਲ ਮੀਡੀਆ ‘ਤੇ ਵਾਇਰਲ ਹੋਇਆ ਹੈ, ਜਿਸ ਵਿੱਚ ਕੁਝ ਲੋਕ ਢਾਂਚਾ ਢਾਹੁਣ ਲਈ ਹਥੌੜਿਆਂ ਦੀ ਵਰਤੋਂ ਕਰਦੇ ਹੋਏ ਦਿਖਾਈ ਦੇ ਰਹੇ ਹਨ ਅਤੇ ਬੰਗਲਾਦੇਸ਼ ਦੀ ਮੌਜੂਦਾ ਸਥਿਤੀ ਦਾ ਹਵਾਲਾ ਦੇ ਰਹੇ ਹਨ। ਵੀਡੀਓ ਵਿੱਚ, ਦੋਸ਼ੀ ਕਹਿੰਦਾ ਹੈ, “ਜੇਕਰ ਤੁਸੀਂ ਇਸ ਦੇਸ਼ ਵਿੱਚ ਰਹਿਣਾ ਚਾਹੁੰਦੇ ਹੋ, ਤਾਂ ਸਾਰਿਆਂ ਨੂੰ ਇਸਦੇ ਨਿਯਮਾਂ, ਮਾਪਦੰਡਾਂ, ਸੰਵਿਧਾਨ, ਭਾਰਤ ਮਾਤਾ, ਰਾਸ਼ਟਰੀ ਗੀਤ ਅਤੇ ਵੰਦੇ ਮਾਤਰਮ ਪ੍ਰਤੀ ਸ਼ਰਧਾ ਦਿਖਾਉਣੀ ਚਾਹੀਦੀ ਹੈ। ਭਾਰਤ ਬੰਗਲਾਦੇਸ਼ ਨਹੀਂ ਹੈ, ਜਿੱਥੇ ਹਿੰਦੂਆਂ ਨੂੰ ਉਲਟਾ ਕਰ ਦਿੱਤਾ ਗਿਆ ਸੀ ਅਤੇ ਸਾੜ ਦਿੱਤਾ ਗਿਆ ਸੀ। ਇਹ ਹਿੰਦੁਸਤਾਨ ਹੈ, ਅਤੇ ਇਹ ਜਿਹਾਦੀ ਮਾਨਸਿਕਤਾ ਇੱਥੇ ਕੰਮ ਨਹੀਂ ਕਰੇਗੀ।

# ਬੰਗਲਾਦੇਸ਼ੀ ਕੱਟੜਪੰਥੀ ਸੰਗਠਨਾਂ ਨਾਲ ਸਬੰਧ ਰੱਖਣ ਦੇ ਦੋਸ਼ ’ਚ ਅਸਾਮ ਤੇ ਤ੍ਰਿਪੁਰਾ ’ਚ 11 ਗ੍ਰਿਫ਼ਤਾਰ



ਗੁਹਾਟੀ : ਉੱਤਰ-ਪੂਰਬ ਨੂੰ ਅਸਥਿਰ ਕਰਨ ਦੇ ਉਦੇਸ਼ ਨਾਲ ਬੰਗਲਾਦੇਸ਼ ਸਥਿਤ ਕੱਟੜਪੰਥੀ ਸਮੂਹਾਂ ਨਾਲ ਕਥਿਤ ਸਬੰਧਾਂ ਦੇ ਦੋਸ਼ ’ਚ ਅਸਾਮ ਅਤੇ ਤ੍ਰਿਪੁਰਾ ’ਚ 11 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਗੁਹਾਟੀ ਦੇ ਪੁਲਿਸ ਕਮਿਸ਼ਨਰ ਪਾਰਥਸਾਰਥੀ ਮਹੰਤ ਨੇ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਨੇ ਕੇਂਦਰੀ ਏਜੰਸੀਆਂ ਵਲੋਂ ਦਿਤੀ ਗਈ ਖੁਫੀਆ ਜਾਣਕਾਰੀ ਦੇ ਆਧਾਰ ਉਤੇ ਇਹ ਗ੍ਰਿਫਤਾਰੀ ਕੀਤੀ ਹੈ। ਉਨ੍ਹਾਂ ਕਿਹਾ, ‘‘ਤ੍ਰਿਪੁਰਾ ਦੇ ਨਾਲ-ਨਾਲ ਅਸਾਮ ਦੇ ਬਾਰਪੇਟਾ, ਚਿਰੰਗ, ਬਕਸਾ ਅਤੇ ਦਾਰੰਗ ਜ਼ਿਲ੍ਹਿਆਂ ’ਚ ਬੀਤੀ ਰਾਤ ਕਾਰਵਾਈ ਕੀਤੀ ਗਈ। ਅਸੀਂ ਕੁਲ 11 ਜੇਹਾਦੀ ਅਨਸਰਾਂ ਨੂੰ ਗ੍ਰਿਫਤਾਰ ਕੀਤਾ ਹੈ, ਜੋ ਬੰਗਲਾਦੇਸ਼ ਸਥਿਤ ਸਮੂਹਾਂ ਦੇ ਸਿੱਧੇ ਹੁਕਮਾਂ ਤਹਿਤ ਕੰਮ ਕਰ ਰਹੇ ਸਨ।’’ ਉਨ੍ਹਾਂ ਨੇ ਦਸਿਆ ਕਿ ਗ੍ਰਿਫਤਾਰ ਕੀਤੇ ਗਏ ਲੋਕ ਇਮਾਮ ਮਹਿਮੂਦਰ ਕਾਫਿਲਾ (ਆਈ.ਐਮ.ਕੇ.) ਮਾਡਿਊਲ ਦੇ ਮੈਂਬਰ ਸਨ। ਉਨ੍ਹਾਂ ਵਿਚੋਂ ਦਸ ਨੂੰ ਅਸਾਮ ਅਤੇ ਇਕ ਨੂੰ ਤ੍ਰਿਪੁਰਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦਸਿਆ ਕਿ ਆਸਾਮ ਤੋਂ ਗ੍ਰਿਫਤਾਰ ਕੀਤੇ ਗਏ ਲੋਕਾਂ ਦੀ ਪਛਾਣ ਨਸੀਮ ਉਦਦੀਨ ਉਰਫ ਨਜੀਮੁਦੀਨ ਉਰਫ ਤਮੀਮ (24), ਜੁਨਾਬ ਅਲੀ (38), ਅਫਰਾਹਿਮ ਹੁਸੈਨ (24), ਮਿਜ਼ਾਨੁਰ ਰਹਿਮਾਨ (46), ਸੁਲਤਾਨ ਮਹਿਮੂਦ (40), ਮੁਹੰਮਦ ਸਿੱਦੀਕ ਅਲੀ (46), ਰਸੀਦੁਲ ਆਲਮ (28), ਮਾਹੀਬੁਲ ਖਾਨ (25), ਸ਼ਾਰੂਕ ਹੁਸੈਨ (22) ਅਤੇ ਮੁਹੰਮਦ ਦਿਲਬਰ ਰਜ਼ਾਕ (26) ਵਜੋਂ ਹੋਈ ਹੈ। ਉਨ੍ਹਾਂ ਦਸਿਆ ਕਿ ਜਗੀਰ ਮੀਆ (33) ਨੂੰ ਤ੍ਰਿਪੁਰਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ।

## Home Improvement


A-CLASS Appliance Rep.
*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace
GURJIT
CERTIFIED TECHNICIAN
(24Hrs)
Off: 604-543-6239
#103-12465-82Ave Surrey, BC

A-CLASS Electric Ltd.
*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom
FREE ESTIMATES
Cell: 604-351-2538
Tel:604-596-5474
CLASS "A" CERTIFIED & LICENCED ELECTRICIANS
MANJIT

DAWN RENOVATION
Commercial & Residential
ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ
ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।
Certified Electrician, Builder, Construction & Development
ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ
ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ
ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ
604-716-3534 / 778-881-0236
daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ ‘ਤੇ ਕਰਦੇ ਹਾਂ
ਲੱਖੀ ਰੈਨੋਵੇਸ਼ਨ
• ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
• ਬੇਸਮੈਂਟ ਦੀ ਰੈਨੋਵੇਸ਼ਨ
• ਡੋਰ ਐਂਡ ਮੋਲਡਿੰਗ
• ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
• ਫਲੋਰ ਅਤੇ ਵਾਲ ਟਾਈਲਜ਼
• ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
• ਘਰ ਨੂੰ ਵਧਾਉਣਾ
• ਪੇਟਿੰਗ
• ਕਾਰਪੇਂਟਰੀ
• ਪੌੜੀਆਂ
• ਫਿਨਸ਼ਿੰਗ
• ਫਰੇਮਿੰਗ
15 ਸਾਲਾ ਦਾ ਤਜ਼ਰਬਾ
ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ ‘ਤੇ ਗਰੰਟੀ ਨਾਲ ਕਰਦੇ ਹਾਂ
ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ
ਲੱਖਵਿੰਦਰ ਸੈਂਹਬੀ : 604-621-0206
lakhwindersembhi@yahoo.ca

STORM
ELECTRIC LTD.
Residential & Commercial
Licenced & Bonded
*All Kinds Of Electrical Service
*Best Rate
*Friendly Service
*Quality Workmanship
STORM ELECTRIC LTD EST. 2020
Mandeep Dhaliwal
(Certified Electrician)
778-994-7207
Email:stormelectricltd@gmail.com

Up-To-Date Finishing
ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ
We are specialized in Custom Wood Working:
Residential & Commercial Renovations
•Doors
•Mouldings
•Fire Place
•Base Board
•Hardy Plank
•Wood Floor
All kinds of exterior finishing
Sanjeev Dhir
sanjeevkumarsk52@gmail.com
778.320.9413

# ਈਸਾਈ ਧਰਮ ਅਪਨਾਉਣ ਵਾਲੀ ਔਰਤ ਦੀ ਲਾਸ਼ ਤਿੰਨ ਦਿਨਾਂ ਤੱਕ ਪਿੰਡ-ਪਿੰਡ ਭਟਕਦੀ ਰਹੀ

ਛੱਤੀਸਗੜ੍ਹ :-ਧਮਤਰੀ ਜ਼ਿਲ੍ਹੇ ਦੇ ਬੋਰਾਈ ਪਿੰਡ ਦੀ ਰਹਿਣ ਵਾਲੀ 65 ਸਾਲਾ ਪੂਨੀਆ ਬਾਈ ਸਾਹੂ ਨੇ ਸ਼ਾਇਦ ਕਦੇ ਸੋਚਿਆ ਵੀ ਨਹੀਂ ਸੀ ਕਿ ਉਨ੍ਹਾਂ ਦੇ ਜੀਵਨ ਦਾ ਅੰਤਿਮ ਸਫ਼ਰ ਇੰਨਾ ਲੰਬਾ ਹੋ ਜਾਵੇਗਾ। ਦੋ ਸਾਲ ਪਹਿਲਾਂ ਈਸਾਈ ਧਰਮ ਅਪਨਾਉਣ ਦਾ ਉਨ੍ਹਾਂ ਦਾ ਫ਼ੈਸਲਾ ਉਨ੍ਹਾਂ ਦੀ ਮੌਤ ਤੋਂ ਬਾਅਦ ਅਜਿਹਾ ਸਵਾਲ ਬਣ ਗਿਆ, ਜਿਸ ਕਾਰਨ ਉਨ੍ਹਾਂ ਦੀ ਮ੍ਰਿਤਕ ਦੇਹ ਤਿੰਨ ਦਿਨਾਂ ਤੱਕ ਅੰਤਿਮ ਸੰਸਕਾਰ ਦੇ ਇੰਤਜ਼ਾਰ ਵਿੱਚ ਇਸ ਪਿੰਡ ਤੋਂ ਉਸ ਪਿੰਡ ਤੱਕ ਭਟਕਦੀ ਰਹੀ। ਆਖ਼ਰਕਾਰ, ਪੂਨੀਆ ਬਾਈ ਸਾਹੂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਪਰਿਵਾਰ ਦੇ ਹਿੰਦੂ ਧਰਮ ਅਪਨਾਉਣ ਤੋਂ ਬਾਅਦ ਕੀਤਾ ਗਿਆ। ਪਰਿਵਾਰ ਨੇ ਪੁਲਿਸ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਦੇ ਸਾਹਮਣੇ ਪਿੰਡ ਵਾਸੀਆਂ ਅਤੇ ਹਿੰਦੂ ਸੰਗਠਨਾਂ ਤੋਂ ਮੁਆਫ਼ੀ ਮੰਗੀ ਅਤੇ ਲਿਖਤੀ ਰੂਪ ਵਿੱਚ ਕਿਹਾ ਕਿ ਉਨ੍ਹਾਂ ਦਾ ਭਵਿੱਖ ਵਿੱਚ ਈਸਾਈ ਧਰਮ ਨਾਲ ਕੋਈ ਸਬੰਧ ਨਹੀਂ ਰਹੇਗਾ। ਜਦੋਂ ਪੂਨੀਆ ਬਾਈ ਸਾਹੂ ਦੀ ਮੌਤ ਹੋਈ, ਤਾਂ ਉਨ੍ਹਾਂ ਦੇ ਪਰਿਵਾਰ ਨੇ ਪਿੰਡ ਵਿੱਚ ਉਨ੍ਹਾਂ ਦੇ ਅੰਤਿਮ ਸੰਸਕਾਰ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਹਿੰਦੂ ਸੰਗਠਨਾਂ ਨੇ ਇਸਦਾ ਵਿਰੋਧ ਕੀਤਾ। 25 ਦਸੰਬਰ ਨੂੰ, ਜਦੋਂ ਦੁਨੀਆ ਭਰ ਵਿੱਚ ਕ੍ਰਿਸਮਸ ਮਨਾਇਆ ਜਾ ਰਿਹਾ ਸੀ, ਮ੍ਰਿਤਕ ਔਰਤ ਦੇ ਪਰਿਵਾਰ ਨੇ ਉਸ ਰਾਤ ਇੱਕ "ਸ਼ੁੱਧੀਕਰਨ" ਸਮਾਰੋਹ ਕਰਵਾਇਆ। ਤਾਂ ਕਿਤੇ ਜਾ ਕੇ ਅਗਲੇ ਦਿਨ ਹਿੰਦੂ ਰੀਤੀ ਰਿਵਾਜਾਂ ਨਾਲ ਔਰਤ ਦਾ ਅੰਤਿਮ ਸੰਸਕਾਰ ਕੀਤਾ ਜਾ ਸਕਿਆ।



## ਬੰਗਲਾਦੇਸ਼ 'ਚ ਇੱਕ ਹੋਰ ਹਿੰਦੂ ਸ਼ਖ਼ਸ ਦਾ ਕਤਲ ਸਾਥੀ ਨੇ ਹੀ ਮਾਰੀ ਗੋਲੀ

ਢਾਕਾ:-ਬੰਗਲਾਦੇਸ਼ ਦੇ ਮੈਮਨਸਿੰਘ ਜ਼ਿਲ੍ਹੇ ਵਿੱਚ ਇੱਕ ਬੇਹੱਦ ਹੈਰਾਨੀਜਨਕ ਅਤੇ ਦਰਦਨਾਕ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਹਿੰਦੂ ਅੰਸਾਰ ਮੈਂਬਰ, ਬਜੇਂਦਰ ਬਿਸਵਾਸ (40), ਦਾ ਉਸ ਦੇ ਹੀ ਸਾਥੀ ਵੱਲੋਂ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਇਹ ਘਟਨਾ ਸੋਮਵਾਰ ਸ਼ਾਮ ਕਰੀਬ 6:30 ਵਜੇ ਇੱਕ ਸਵੈਟਰ ਫੈਕਟਰੀ ਵਿੱਚ ਵਾਪਰੀ। ਬੰਗਲਾਦੇਸ਼ ਹਿੰਦੂ ਬੋਧ ਈਸਾਈ ਏਕਤਾ ਕੌਂਸਲ ਦੇ ਕਾਰਜਕਾਰੀ ਸਕੱਤਰ ਜਨਰਲ ਮਨਿੰਦਰ ਨਾਥ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਮ੍ਰਿਤਕ ਬਜੇਂਦਰ ਬਿਸਵਾਸ ਸਿਲਹਟ ਜ਼ਿਲ੍ਹੇ ਦਾ ਰਹਿਣ ਵਾਲਾ ਸੀ।


# HOME IMPROVEMENT

SINGH RAJ
RENOVATION CO.
We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.
SPECIALISTS IN
Maintain+Repair & New Installation
Reasonable Rates
20Yrs Exprienced
Call Raj: 778-229-9261

TOOR LANDSCAPING & FENCE
RESIDENTIAL & COMMERCIAL
• ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
• 2X3 ਦਾ ਫਰੇਮ ਸੋਲਿਡ $210 ਦਾ ਪੈਨਲ
• ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
• ਕੰਮ ਦੀ ਪੂਰੀ ਪੂਰੀ ਗਰੰਟੀ ਹੈ।
• ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।
ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ
ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ
ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
604-729-3225
ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200

ਸੰਦਲ ਰੈਨੋਵੇਸ਼ਨ
Your's Complete Home Renovation
* ਫਰੇਮਿੰਗ * ਇਲੈਕਟ੍ਰੀਕਲ
* ਡਰਾਈਵਾਲ * ਪਲਬਿੰਗ
* ਪੇਂਟਿੰਗ * ਕਾਰਪੈਟ
* ਟਾਈਲਜ਼ * ਰੂਫਿੰਗ ਦਾ ਕੰਮ
* ਲੈਮੀਨੇਟ * ਸਨਡੈਕ ਦੀ ਰਿਪੇਅਰ
ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ: 604-725-6270

GARCHA Plumbing Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

BT LINE PAINTING CO.
ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੂਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

# ਸਿੱਖਾਂ ਵੱਲੋਂ ਵਾਸ਼ਿੰਗਟਨ, ਲੰਡਨ, ਟੋਰਾਂਟੋ, ਵੈਨਕੂਵਰ, ਮਿਲਾਨ ਤੇ ਮੈਲਬੌਰਨ ਵਿੱਚ ਭਾਰਤ ਸਰਕਾਰ ਵਿਰੁੱਧ ਭਾਰੀ ਵਿਰੋਧ ਪ੍ਰਦਰਸ਼ਨ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਸਿੱਖ ਕਾਰਕੁਨਾਂ ਅਤੇ ਸਿੱਖਸ ਫਾਰ ਜਸਟਿਸ ਦੇ ਮੈਂਬਰਾਂ ਨੇ ਵਾਸ਼ਿੰਗਟਨ, ਲੰਡਨ, ਟੋਰਾਂਟੋ, ਵੈਨਕੂਵਰ, ਮਿਲਾਨ, ਢਾਕਾ ਅਤੇ ਮੈਲਬੌਰਨ ਵਿੱਚ ਭਾਰਤ ਸਰਕਾਰ ਵਿਰੁੱਧ ਵਿਰੋਧ ਪ੍ਰਦਰਸ਼ਨ ਕੀਤੇ, ਜਿਸ ਵਿੱਚ ਉਨ੍ਹਾਂ ਨੇ ਸਿੱਖ ਕਾਰਕੁਨ  ਹਰਦੀਪ ਸਿੰਘ ਨਿੱਝਰ ਅਤੇ ਬੰਗਲਾਦੇਸ਼ੀ ਜਨਤਕ ਸ਼ਖਸੀਅਤ ਉਸਮਾਨ ਹਾਦੀ ਦੀਆਂ ਹੱਤਿਆਵਾਂ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ। ਰਿਪੋਰਟ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਵਿਰੁੱਧ ਵਿਰੋਧ ਪ੍ਰਦਰਸ਼ਨਾਂ 'ਤੇ ਬਾਕੂ ਇਨੀਸ਼ੀਏਟਿਵ ਗਰੁੱਪ ਦੇ ਇੱਕ ਅਧਿਐਨ ਦਾ ਹਵਾਲਾ ਦਿੱਤਾ ਗਿਆ ਹੈ। ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦਾ ਉਦੇਸ਼ ਨਿੱਜਰ ਅਤੇ ਹਾਦੀ ਦੀਆਂ ਮੌਤਾਂ ਲਈ ਭਾਰਤ ਦੀ ਜ਼ਿੰਮੇਵਾਰੀ ਵੱਲ ਅੰਤਰ ਰਾਸ਼ਟਰੀ ਧਿਆਨ ਖਿੱਚਣਾ ਹੈ।

ਉਸਮਾਨ ਹਾਦੀ ਮੋਦੀ ਦੀਆਂ ਨੀਤੀਆਂ ਦੀ ਖੁੱਲ੍ਹ ਕੇ ਆਲੋਚਨਾ ਕਰਨ ਲਈ ਜਾਣਿਆ ਜਾਂਦਾ ਸੀ। ਮੋਦੀ ਦੇ ਜਾਸੂਸਾਂ ਨੂੰ ਫੜੋ ! ਉਨ੍ਹਾਂ ਗ੍ਰਿਫ਼ਤਾਰ ਕਰੋ!" ਦੇ ਨਾਅਰਿਆਂ ਦੇ ਸੋਸ਼ਲ ਮੀਡੀਆ 'ਤੇ ਫੈਲਣ ਤੋਂ ਬਾਅਦ, ਹਾਦੀ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ। 12 ਦਸੰਬਰ, 2025 ਨੂੰ, ਉਹ ਬੰਗਲਾਦੇਸ਼ ਦੇ ਢਾਕਾ ਵਿੱਚ ਇੱਕ ਹਥਿਆਰਬੰਦ ਹਮਲੇ ਵਿੱਚ ਗੰਭੀਰ ਜ਼ਖਮੀ ਹੋ ਗਿਆ ਸੀ ਅਤੇ ਤਿੰਨ ਦਿਨ ਬਾਅਦ 15 ਦਸੰਬਰ ਨੂੰ ਹਸਪਤਾਲ ਵਿੱਚ ਉਸਦੀ ਮੌਤ ਹੋ ਗਈ। ਕੈਨੇਡੀਅਨ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਨੂੰ 2023 ਵਿੱਚ ਕੈਨੇਡਾ ਦੇ ਬਰੈਂਪਟਨ ਵਿੱਚ ਅਣਪਛਾਤੇ ਹਮਲਾਵਰਾਂ ਨੇ ਮਾਰ ਦਿੱਤਾ ਸੀ।

ਸਿੱਖ ਕਾਰਕੁਨਾਂ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਹੱਤਿਆ ਪਿੱਛੇ ਭਾਰਤ ਸਰਕਾਰ ਦਾ ਹੱਥ ਸੀ ਅਤੇ ਕੈਨੇਡਾ ਦੇ ਸਾਬਕਾ ਪੀਐਮ ਟਰੂਡੋ ਨੇ ਵੀਂ ਕੈਨੇਡੀਅਨ ਸੰਸਦ ਵਿਚ ਇਸ ਵਿਚ ਭਾਰਤ ਦਾ ਹੱਥ ਹੋਣ ਦੇ ਸਬੂਤਾਂ ਦਾ ਜਿਕਰ ਕੀਤਾ ਸੀ । ਇਸ ਮੌਕੇ ਐਸਐਫਜੇ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪਨੂੰ ਨੇ ਕਿਹਾ ਸਿੱਖਸ ਫਾਰ ਜਸਟਿਸ ਬੰਗਲਾਦੇਸ਼ ਦੇ ਅੰਦਰ ਭਾਰਤ ਦੀਆਂ ਹੱਤਿਆ ਦੀਆਂ ਯੋਜਨਾਵਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਬੇਨਕਾਬ ਕਰਨ ਜਾ ਰਿਹਾ ਹੈ। ਭਾਰਤ ਪਹਿਲਾਂ ਹੀ ਉਸਮਾਨ ਹਾਦੀ ਨੂੰ ਮਾਰ ਚੁੱਕਾ ਹੈ।

ਅਸੀਂ ਇੱਕ ਪ੍ਰੋਗਰਾਮ ਦੇ ਤੌਰ 'ਤੇ ਭਾਰਤੀ ਦੂਤਾਵਾਸਾਂ ਨੂੰ ਬੰਦ ਕਰਨ ਦੀ ਮੰਗ ਕੀਤੀ ਹੈ। ਕਿਉਂਕਿ ਅਸੀਂ ਉਨ੍ਹਾਂ ਨੂੰ ਭਾਰਤ ਦੀ ਖੁਫੀਆ ਏਜੰਸੀ ਰਾਅ ਨੂੰ ਕੇਂਦਰ ਮੰਨਦੇ ਹਾਂ। ਕਤਲਾਂ ਦੀ ਯੋਜਨਾ ਇੱਥੋਂ ਬਣਾਈ ਜਾਂਦੀ ਹੈ ਅਤੇ ਅੰਜਾਮ ਦਿੱਤਾ ਜਾਂਦਾ ਹੈ । ਭਾਈ ਨਰਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਜਦੋਂ ਤੱਕ ਇਨਸਾਫ਼ ਨਹੀਂ ਮਿਲ ਜਾਂਦਾ ਇਹ ਜੰਗ ਇਸੇ ਤਰਾਂ ਜਾਰੀ ਰਵੇਗੀ, ਓਹਨਾ ਕਿਹਾ ਹੱਕ-ਸੱਚ ਅਤੇ ਕੌਮ ਦੀ ਖਾਤਰ ਸੰਘਰਸ਼ ਕਰ ਰਹੇ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਣਾ ਇਹਨਾਂ ਹਕੂਮਤਾਂ ਦਾ ਕੰਮ ਹੈ ।




ਉਹਨਾਂ ਕਿਹਾ ਕਿ ਹਕੂਮਤਾਂ ਇਥੇ ਵੀ ਹੱਕ ਦੀ ਆਵਾਜ਼ ਬੁਲੰਦ ਕਰਨ ਨਹੀਂ ਦੇ ਰਹੀਆਂ ਭਾਈ ਹਰਦੀਪ ਸਿੰਘ ਦੀ ਸ਼ਹੀਦੀ ਇੱਕ ਬਹੁਤ ਵੱਡੀ ਮਿਸਾਲ ਹੈ ।

ਉਹਨਾਂ ਕਿਹਾ ਕਿ ਖਾਲਿਸਤਾਨ ਦੀ ਪ੍ਰਾਪਤੀ ਤੱਕ ਧਰਨੇ, ਰੋਸ-ਪ੍ਰਦਰਸ਼ਨ ਸਭ ਇਸੇ ਤਰਾਂ ਚਲਦੇ ਰਹਿਣਗੇ ਅਤੇ ਖਾਲਿਸਤਾਨ ਰੈਫਰੈਂਡਮ ਦੀਆਂ ਵੋਟਾਂ ਦਾ ਅਗਲਾ ਸੈਂਟਰ 22 ਮਾਰਚ 2026 ਨੂੰ ਸਿਆਟਲ ਅਮਰੀਕਾ ਵਿੱਚ ਲੱਗੇਗਾ। ਭਾਈ ਪਰਮਜੀਤ ਸਿੰਘ ਪੰਮਾ ਨੇ ਕਿਹਾ ਅਸੀਂ ਢਾਕਾ ਵਿੱਚ ਭਾਰਤੀ ਹਾਈ ਕਮਿਸ਼ਨਰ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਾਂ।

ਉਸਨੇ ਹੀ ਉਸਮਾਨ ਹਾਦੀ ਦੀ ਹੱਤਿਆ ਦਾ ਹੁਕਮ ਦਿੱਤਾ ਸੀ, ਕਤਲ ਕੀਤਾ ਸੀ। ਕਤਲ, ਜਾਸੂਸੀ ਅਤੇ ਨਿਗਰਾਨੀ ਦੀਆਂ ਗਤੀਵਿਧੀਆਂ ਇਸ ਦੂਤਾਵਾਸ ਤੋਂ ਕੀਤੀਆਂ ਜਾਂਦੀਆਂ ਹਨ।

ਇਸੇ ਲਈ ਅਸੀਂ ਢਾਕਾ, ਇਸਲਾਮਾਬਾਦ, ਆਸਟ੍ਰੇਲੀਆ ਵਿੱਚ ਮੈਲਬੌਰਨ, ਯੂਕੇ ਵਿੱਚ ਲੰਡਨ, ਇਟਲੀ ਵਿੱਚ ਮਿਲਾਨ, ਕੈਨੇਡਾ ਵਿੱਚ ਟੋਰਾਂਟੋ ਅਤੇ ਵੈਨਕੂਵਰ ਅਤੇ ਅਮਰੀਕਾ ਵਿੱਚ ਵਾਸ਼ਿੰਗਟਨ ਡੀਸੀ ਤੋਂ ਇੱਕੋ ਸਮੇਂ ਭਾਰਤੀ ਐਂਬੇਸਿਆ ਨੂੰ ਬੰਦ ਕਰਣ ਦੀ ਮੰਗ ਕਰ ਰਹੇ ਹਾਂ।


ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਊ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

778-928-4522, 778-565-4141, 778-565-3232

# ਗੁਰਦਵਾਰਾ ਨਾਨਕ ਨਿਵਾਸ




8600 - NO. 5 RD., RICHMOND, B.C. • TEL: (604)274-7479, FAX: (604) 274-0046

## ਆਉਣ ਵਾਲੇ ਪ੍ਰੋਗਰਾਮ

*3 ਜਨਵਰੀ ਦਿਨ ਸ਼ਨੀਵਾਰ ਸ਼ਾਮ 5 ਵਜੇ ਬਿੰਦਰਾ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ, ਕੀਰਤਨ ਕਥਾ ਉਪਰੰਤ ਲੰਗਰਾਂ ਦੀ ਸੇਵਾ ਬਿੰਦਰਾ ਪਰਿਵਾਰ ਵੱਲੋਂ ਹੋਵੇਗੀ।

*4 ਜਨਵਰੀ ਦਿਨ ਐਤਵਾਰ ਸਵੇਰੇ 9:30 ਵਜੇ ਗੁਰਨਾਮ ਸਿੰਘ ਮੰਦਰ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ
ਪਾਠ ਅਤੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਮੰਦਰ ਪਰਿਵਾਰ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹੋਵੇਗੀ।

*4 ਜਨਵਰੀ ਦਿਨ ਐਤਵਾਰ ਦੁਪਹਿਰ 2 ਵਜੇ ਮਨਜੀਤ ਕੌਰ ਨਮਿਤ ਰੱਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ ਉਪਰੰਤ ਅੰਤਿਮ ਅਰਦਾਸ ਹੋਵੇਗੀ।

*10 ਜਨਵਰੀ ਦਿਨ ਸ਼ਨੀਵਾਰ ਸ਼ਾਮ 5 ਵਜੇ ਹਰਮੇਲ ਸਿੰਘ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ, ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਪਰਿਵਾਰ ਵੱਲੋਂ ਹੋਵੇਗੀ।

*11 ਜਨਵਰੀ ਦਿਨ ਐਤਵਾਰ ਸਵੇਰੇ 10:30 ਵਜੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ,ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹੋਵਗੀ।

**ਤਹੀ ਪ੍ਰਕਾਸ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥**

**ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਦੀਆਂ ਸੰਗਤਾਂ ਨੂੰ ਲੱਖ ਲੱਖ ਵਧਾਈਆਂ**

3 ਜਨਵਰੀ ਦਿਨ ਸ਼ਨੀਵਾਰ ਸ਼ਾਮ 5 ਵਜੇ ਦਸਵੇਂ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ

5 ਜਨਵਰੀ ਦਿਨ ਸੋਮਵਾਰ ਸ਼ਾਮ 5 ਵਜੇ ਦਸਵੇਂ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ ਅਤੇ ਗੁਣੀ ਗਿਆਨੀ ਗੁਰੂ ਸਾਹਿਬ ਦੇ ਜੀਵਨ ਉੱਪਰ ਚਾਨਣਾ ਪਾਉਣਗੇ। ਤਿੰਨੇ ਦਿਨ ਲੰਗਰਾਂ ਦੀ ਸੇਵਾ ਸੰਗਤ ਵੱਲੋਂ ਤੇ ਪ੍ਰਬੰਧਕ ਕਮੇਟੀ ਵੱਲੋਂ ਹੋਵੇਗੀ।

## ਵਿਸ਼ੇਸ਼ ਸੂਚਨਾ (ਲੋਹੜੀ)

ਪਿਛਲੇ ਸਾਲਾਂ ਦੀ ਤਰ੍ਹਾਂ ਲੋਹੜੀ ਦਾ ਸਮਾਜਿਕ ਤਿਉਹਾਰ ਉਨ੍ਹਾਂ ਖੁਸ਼ ਨਸੀਬ ਪਰਿਵਾਰਾਂ ਜਿਨ੍ਹਾਂ ਨੂੰ ਵਾਹਿਗੁਰੂ ਨੇ ਬੱਚਿਆਂ ਦੀਆਂ ਦਾਤਾਂ ਨਾਲ ਨਿਵਾਜਿਆ ਹੈ, ਵੱਲੋਂ ਸਮੂਹਿਕ ਰੂਪ ਵਿੱਚ 13 ਜਨਵਰੀ 2026 ਦਿਨ ਮੰਗਲਵਾਰ ਸ਼ਾਮ ਨੂੰ 6ਵਜੇ ਗੁਰਬਾਣੀ ਕੀਰਤਨ ਅਤੇ ਲੰਗਰਾਂ ਦੀ ਸੇਵਾ ਕਰ ਕੇ ਮਨਾਇਆ ਜਾ ਰਿਹਾ ਹੈ, ਗੁਰੂ ਘਰ ਪਿੱਛੇ ਪਾਰਕਿੰਗ ਲਾਟ ਵਿੱਚ ਧੂਣੀ ਬਾਲਣ ਦੀ ਪ੍ਰੋਗਰਾਮ ਵੀ ਕੀਤਾ ਜਾਵੇਗਾ, ਬੱਚਿਆਂ ਦੀਆਂ ਦਾਤਾਂ ਪ੍ਰਾਪਤ ਕਰਨ ਵਾਲੇ ਭਾਗਸ਼ਾਲੀ ਪਰਿਵਾਰਾਂ ਨੂੰ ਇਸ ਖੁਸ਼ੀਆਂ ਭਰੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਗੁਰਦੁਆਰਾ ਸਾਹਿਬ ਨਾਲ ਸੰਪਰਕ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

14 ਜਨਵਰੀ, 2026 ਦਿਨ ਬੁੱਧਵਾਰ ਸ਼ਾਮ 6 ਵਜੇ 40 ਮੁਕਤਿਆਂ ਦੀ ਅਦੁੱਤੀ ਕੁਰਬਾਨੀ ਨੂੰ ਯਾਦ ਕਰਦਿਆਂ ਮਾਘੀ ਦੀ ਸੰਗਰਾਂਦ ਦੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ।

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹਰ ਐਤਵਾਰ ਸਵੇਰੇ 10.30 ਵਜੇ ਤੋਂ 12 ਵਜੇ ਤੱਕ ਹਫ਼ਤਾਵਾਰੀ ਕੀਰਤਨ, ਕਥਾ ਸਮਾਗਮ ਹੁੰਦੇ ਹਨ, ਸੰਗਤ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਹਫ਼ਤਾਵਾਰੀ ਸਮਾਗਮ ਵਿੱਚ ਆ ਕੇ ਆਪਣੇ ਜੀਵਨ ਨੂੰ ਸਫਲ ਕਰੋ। ਜੇ ਕਿਸੇ ਪਰਿਵਾਰ ਨੇ ਹਫ਼ਤਾਵਾਰੀ ਦੀਵਾਨ ਵਿੱਚ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਲੈਣੀ ਹੋਵੇ ਉਹ ਪਰਿਵਾਰ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ।

ਜਰੂਰੀ ਸੂਚਨਾ: ਪੰਜਾਬੀ ਸਕੂਲ ਵਿਚ 7 ਸਤੰਬਰ ਦਿਨ ਐਤਵਾਰ ਤੋਂ ਪੰਜਾਬੀ ਕਲਾਸਾਂ ਸ਼ੁਰੂ ਹੋ ਗਈਆਂ ਹਨ, ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਉ ਤਾਂ ਜੋ ਬੱਚੇ ਪੰਜਾਬੀ ਬੋਲ,ਪੜ੍ਹ, ਲਿਖ ਸਕਣ। ਵਧੇਰੇ ਜਾਣਕਾਰੀ ਲਈ ਸਕੱਤਰ ਸ. ਬਲਵੰਤ ਸਿੰਘ ਸੰਘੇੜਾ ਨਾਲ 604-836-8976 ਤੇ ਸੰਪਰਕ ਕਰੋ।

**ਹਰ ਮੰਗਲਵਾਰ ਸਵੇਰੇ 10 ਵਜੇ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ ਅਤੇ ਲੰਗਰਾਂ ਦੀ ਸੇਵਾ ਸਮੂਹ ਸੁਖਮਨੀ ਸਾਹਿਬ ਵਾਲੀਆਂ ਬੀਬੀਆਂ ਵੱਲੋਂ ਹੁੰਦੀ ਹੈ**

**ਰੋਜ਼ਾਨਾ ਪ੍ਰੋਗਰਾਮ:**

ਸਵੇਰੇ 5:00 ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ, ਸਵੇਰੇ 6:00 ਤੋਂ 6:45 ਨਿਤਨੇਮ, ਸਵੇਰੇ 7:00 ਤੋਂ 7:30 ਕੀਰਤਨ ਦੀਵਾਨ,
ਸਵੇਰੇ 7:30 ਤੋਂ 7:45 ਕਥਾ, ਸਵੇਰੇ 7:45 ਤੋਂ 8:00 ਅਰਦਾਸ ਸਮਾਪਤੀ

**ਸ਼ਾਮ ਦੇ ਦੀਵਾਨ:**


ਰਹਿਰਾਸ ਸਾਹਿਬ ਸ਼ਾਮ 6 ਤੋਂ 6:20 ਵਜੇ ਤੱਕ ਕੀਰਤਨ/ਅਰਦਾਸ/ਹੁਕਮਨਾਮਾ 6.20 ਤੋਂ 6.45 ਵਜੇ ਤੱਕ ਸੁਖਆਸਣ ਰਾਤ 8:00 ਵਜੇ

| ਪ੍ਰਧਾਨ | ਖਜ਼ਾਨਚੀ | ਸਕੱਤਰ | ਸਹਾਇਕ ਸਕੱਤਰ |
|---|---|---|---|
| ਮੋਹਨ ਸਿੰਘ ਸੰਧੂ | ਕਮਲਜੀਤ ਸਿੰਘ ਦੁਸਾਂਝ | ਬਲਵੰਤ ਸਿੰਘ ਸੰਘੇੜਾ | ਕੰਵਰਜੀਤ ਸਿੰਘ ਸਹੋਤਾ |

**ਗੁਰਦੁਆਰਾ ਸਾਹਿਬ ਦਾ ਫੋਨ:604-274-7479**

Email:iccc8600@gmail.com





ਘਰਾਂ ਅਤੇ ਕਮਰਸ਼ੀਅਲ ਸਾਈਟਸ ਵਾਸਤੇ ਹਰ ਤਰ੍ਹਾਂ ਦੇ ਡੋਰਾਂ, ਵਿੰਡੋ, ਵਿੰਡੋ ਸਕਰੀਨਾਂ,
ਸਨਰੂਮ ਅਤੇ ਡੈਕਰੂਮ ਲਗਵਾਉਣ ਲਈ ਆਕਰਸ਼ਕ ਰੇਂਜ ਅਤੇ ਵਾਜਿਬ ਕੀਮਤਾਂ

* Quality Products * Superior Service.

**Phone:778-637-2500,604-372-0013**

**5736 Production Way, Langley, BC**

**www.navwindows.com**



ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT $1650
2 PCS SOFA & LOVE SEAT $1650
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ


+91 77175-02848
+91 98146-12006
+91 99882-68982
GE
+1 778-899-1576
+1 778-207-8100
EAGLE EYE
PICK & DROP TAXI SERVICE
CAR RENTALS & TAXI SERVICE
24 HOURS DELHI AIRPORT SERVICE
ONE WAY TAXI
SELF DRIVE
TOUR PACKAGES
Long Route Tour Packages Available With Urbania 17 Seater
SURREY: #256 12899-76Ave
KHANNA: Near Shri Saraswati Sanskrit College Samadhi Rd
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
ਫਗਵਾੜਾ
ਜਲੰਧਰ
ਨਕੋਦਰ
ਮੋਗਾ
ਅੰਮ੍ਰਿਤਸਰ
ਨਵਾਂ ਸ਼ਹਿਰ
ਲੁਧਿਆਣਾ
ਚੰਡੀਗੜ੍ਹ
ਫਿਲੌਰ
BOOK NOW!
24/7 CUSTOMER SUPPORT
*ਦਿੱਲੀ ਤੋਂ ਪੰਜਾਬ ਵਨ ਵੇਅ ਸਰਵਿਸ
*ਟਰੈਕਿੰਗ ਸਿਸਟਮ
*24 ਘੰਟੇ ਸਰਵਿਸ
WE OFFER VARIETY OF CARS
OPTION FOR YOUR COMFORT
*ਵੱਡੇ ਪਰਿਵਾਰ ਜਾਂ ਛੋਟੇ ਪਰਿਵਾਰ ਲਈ ਗੱਡੀ
*ਡਰਾਈਵਰ ਜਾਂ ਬਿਨਾ ਡਰਾਈਵਰ ਤੋਂ ਗੱਡੀ ਲੈ ਸਕਦੇ ਹੋ
BOOK CAR RENTALS
UPDOWN 160 DOLLAR TILL LUDHIANA
UPDOWN 200 DOLLAR TILL JALANDHAR
UPDOWN 300 DOLLAR TILL AMRITSAR
TAXI
ONE WAY TAXI SERVICES
FROM DELHI AIRPORT
JALANDHAR
LUDHIANA
HOSHIARPUR
CHANDIGARH
AMRITSAR
MOGA
BEST RATES